ਆਓ ਚੰਗੇ ਗੁਆਂਢੀ ਬਣੀਏ: ਸੁਰੱਖਿਅਤ ਘਰਾਂ ਅਤੇ ਕਮਿਊਨਿਟੀ ਲਈ ਇੱਕ ਗਾਈਡ

COMMUNITY SAFETY & WELL-BEING

BRAMPTON

Punjabi

ਜਾਣ-ਪਛਾਣ

ਆਓ, ਚੰਗੇ ਗੁਆਂਢੀ ਬਣੀਏ: ਸੁਰੱਖਿਅਤ ਘਰਾਂ ਅਤੇ ਕਮਿਊਨਿਟੀ ਲਈ ਇੱਕ ਗਾਈਡ (A Guide to Safer Homes and Community), ਇੱਕ ਸੁਰੱਖਿਅਤ ਅਤੇ ਆਪਸੀ ਤੌਰ ਤੇ ਜੁੜਿਆ ਹੋਇਆ ਸ਼ਹਿਰ ਬਣਾਉਣ ਲਈ, ਤੁਹਾਡੇ ਘਰ ਅਤੇ ਪ੍ਰਾਪਰਟੀ ਦੀ ਰੱਖਿਆ ਕਰਨ ਵਿੱਚ ਮਦਦ ਲਈ, ਤੁਹਾਨੂੰ ਪ੍ਰੈਕਟੀਕਲ ਸੁਝਾਅ ਦਿੰਦੀ ਹੈ। ਇਸ ਗਾਈਡ ਵਿਚਲੇ ਵਿਚਾਰ, ਕ੍ਰਾਈਮ ਪ੍ਰੀਵੈਂਸ਼ਨ ਥ੍ਰੂ ਐਨਵਾਇਰਨਮੈਂਟਲ ਡਿਜ਼ਾਈਨ (ਸੀ.ਪੀ.ਟੀ.ਈ.ਡੀ.) (Crime Prevention Through Environmental Design) (CPTED) ਦੇ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਸਿਧਾਂਤਾਂ ਤੋਂ ਪ੍ਰੇਰਿਤ ਹਨ, ਜੋ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਕਿਵੇਂ ਚੰਗੀ ਤਰ੍ਹਾਂ ਡਿਜ਼ਾਈਨ ਕੀਤੀਆਂ ਅਤੇ ਚੰਗੀ ਤਰ੍ਹਾਂ ਸੰਭਾਲੀਆਂ ਗਈਆਂ ਥਾਵਾਂ, ਨਾਲ ਹੀ ਸਰਗਰਮ ਅਤੇ ਆਪਸੀ ਤੌਰ ਤੇ ਜੁੜਿਆ ਹੋਇਆ ਭਾਈਚਾਰਾ, ਅਪਰਾਧ ਨੂੰ ਰੋਕਣ ਅਤੇ ਸੁਰੱਖਿਆ ਅਤੇ ਭਲਾਈ ਦੀ ਭਾਵਨਾ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ।

ਸੁਰੱਖਿਆ ਹਰ ਰੋਜ਼ ਦੇ ਸਧਾਰਨ ਕੰਮਾਂ ਨਾਲ ਸ਼ੁਰੂ ਹੁੰਦੀ ਹੈ, ਜਿਵੇਂ ਕਿ ਆਪਣੇ ਘਰ ਦੀ ਸੁਰੱਖਿਆ ਨੂੰ ਬਿਹਤਰ ਬਣਾਉਣਾ, ਸਾਂਝੀਆਂ ਥਾਵਾਂ ਦੀ ਸੰਭਾਲ ਕਰਨਾ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦਾ ਹਾਲ-ਚਾਲ ਪੁੱਛਣਾ। ਜਦੋਂ ਵਸਨੀਕ ਆਪਣੇ ਆਂਢ-ਗੁਆਂਢ ਵਿੱਚ ਮਾਣ ਅਤੇ ਆਪਣੇਪਣ ਦੀ ਭਾਵਨਾ ਮਹਿਸੂਸ ਕਰਦੇ ਹਨ, ਤਾਂ ਇਹ ਹਰ ਕਿਸੇ ਲਈ ਹੋਰ ਸੁਆਗਤਯੋਗ, ਸੁਰੱਖਿਅਤ ਅਤੇ ਆਪਸੀ ਤੌਰ 'ਤੇ ਜੁੜਿਆ ਹੋਇਆ ਮਾਹੌਲ ਬਣਾਉਣ ਵਿੱਚ ਮਦਦ ਕਰਦਾ ਹੈ।

ਇਹ ਗਾਈਡ ਬ੍ਰੈਂਪਟਨ ਸ਼ਹਿਰ ਦੇ ਕਮਿਊਨਿਟੀ ਸੇਫਟੀ ਐਕਸ਼ਨ ਪਲਾਨ (Community Safety Action Plan) ਦਾ ਹਿੱਸਾ ਹੈ। ਇਹ ਸਮਾਜਿਕ ਵਿਕਾਸ ਅਤੇ ਰੋਕਥਾਮ ਨੂੰ ਪਹਿਲ ਦੇਣ ਵਾਲੇ ਤਰੀਕੇ ਦਾ ਸਮਰਥਨ ਕਰਦੀ ਹੈ, ਜੋ ਓਨਟੈਰੀਓ ਦੇ ਕਮਿਊਨਿਟੀ ਸੇਫਟੀ ਐਂਡ ਵੈਲ-ਬੀਇੰਗ ਫ੍ਰੇਮਵਰਕ (Community Safety and Well-Being Framework) ਨਾਲ ਮੇਲ ਖਾਂਦਾ ਹੈ, ਵਸਨੀਕਾਂ ਨੂੰ ਪ੍ਰਾਪਰਟੀ-ਸਬੰਧੀ ਅਪਰਾਧਾਂ ਨਾਲ ਨਜਿੱਠਣ ਅਤੇ ਹੋਰ ਮਜ਼ਬੂਤ, ਲਚਕੀਲੇ ਅਤੇ ਆਪਸੀ ਤੌਰ 'ਤੇ ਜੁੜੇ ਭਾਈਚਾਰੇ ਬਣਾਉਣ ਲਈ ਲੋੜੀਂਦੇ ਸਾਧਨ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਉਦੇਸ਼

ਕਮਿਊਨਿਟੀ ਸੁਰੱਖਿਆ ਸਾਡੇ ਭੌਤਿਕ ਆਲੇ-ਦੁਆਲੇ ਅਤੇ ਸਾਡੇ ਦੁਆਰਾ ਬਣਾਏ ਗਏ ਰਿਸ਼ਤਿਆਂ ਨਾਲ ਬਿਹਤਰ ਬਣਦੀ ਹੈ। ਇਹ ਗਾਈਡ ਤੁਹਾਡੀ ਮਦਦ ਕਰਨ ਲਈ ਪ੍ਰੈਕਟੀਕਲ ਸੁਝਾਅ ਅਤੇ ਵਿਚਾਰ ਪੇਸ਼ ਕਰਦੀ ਹੈ:

- ਆਪਣੇ ਘਰ ਅਤੇ ਪ੍ਰਾਪਰਟੀ ਦੀ ਸੁਰੱਖਿਆ ਨੂੰ ਮਜ਼ਬੂਤ ਕਰੋ।
- ਆਪਣੇ ਗੁਆਂਢੀਆਂ ਨਾਲ ਰਿਸ਼ਤੇ ਬਣਾਓ।
- ਪਬਲਿਕ ਥਾਵਾਂ ਦੀ ਨਿਯਮਤ ਅਤੇ ਸਕਾਰਾਤਮਕ ਵਰਤੋਂ ਨੂੰ ਉਤਸ਼ਾਹਿਤ ਕਰੋ।
- ਸਾਂਝੀ ਜ਼ਿੰਮੇਵਾਰੀ ਅਤੇ ਕਮਿਊਨਿਟੀ ਮਾਣ ਦੀ ਭਾਵਨਾ ਵਿੱਚ ਯੋਗਦਾਨ ਪਾਓ।
- ਸੰਭਾਲ, ਸੰਬੰਧ ਅਤੇ ਰੋਜ਼ਾਨਾ ਕੰਮਾਂ ਰਾਹੀਂ ਇੱਕ ਸੁਰੱਖਿਅਤ ਅਤੇ ਜ਼ਿਆਦਾ ਜੋਸ਼ੀਲਾ ਆਂਢ-ਗੁਆਂਢ ਬਣਾਓ।

ਚਾਹੇ ਤੁਸੀਂ ਮਕਾਨ ਮਾਲਕ, ਕਿਰਾਏਦਾਰ, ਪ੍ਰਾਪਰਟੀ ਮੈਨੇਜਰ ਜਾਂ ਕਮਿਊਨਿਟੀ ਲੀਡਰ ਹੋ, ਇਹ ਗਾਈਡ ਤੁਹਾਡੇ ਆਂਢ-ਗੁਆਂਢ ਵਿੱਚ ਸੁਰੱਖਿਆ ਅਤੇ ਸੰਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਲਈ ਪ੍ਰੈਕਟੀਕਲ ਤਰੀਕੇ ਪ੍ਰਦਾਨ ਕਰਦੀ ਹੈ।

ਪੀਲ ਰੀਜਨਲ ਪੁਲਿਸ (Peel Regional Police), ਬ੍ਰੈਂਪਟਨ ਸ਼ਹਿਰ ਦੇ ਨਵੇਂ ਅਪਰਾਧ ਰੋਕਥਾਮ ਵਸੀਲੇ, 'ਆਓ, ਚੰਗੇ ਗੁਆਂਢੀ ਬਣੀਏ: ਸੁਰੱਖਿਅਤ ਘਰਾਂ ਅਤੇ ਕਮਿਊਨਿਟੀ ਲਈ ਇੱਕ ਗਾਈਡ' ਦਾ ਸਮਰਥਨ ਕਰਨ 'ਤੇ ਮਾਣ ਮਹਿਸੂਸ ਕਰਦੀ ਹੈ। ਇਹ ਗਾਈਡ ਵਸਨੀਕਾਂ ਨੂੰ ਆਪਣੇ ਘਰਾਂ ਦੀ ਰੱਖਿਆ ਕਰਨ ਅਤੇ ਕਮਿਊਨਿਟੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨ ਲਈ ਪ੍ਰੈਕਟੀਕਲ ਰਣਨੀਤੀਆਂ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।

ਅਸੀਂ ਇਸ ਸਰਗਰਮ ਪਹੁੰਚ ਅਤੇ ਵਸਨੀਕਾਂ ਨੂੰ ਉਹਨਾਂ ਦੇ ਘਰਾਂ, ਪ੍ਰਾਪਰਟੀਜ਼ ਅਤੇ ਆਂਢ-ਗੁਆਂਢਾਂ ਦੀ ਰੱਖਿਆ ਲਈ ਸਪਸ਼ਟ, ਕਾਰਜਯੋਗ ਕਦਮਾਂ ਨਾਲ ਲੈਸ ਕਰਨ ਲਈ, ਬ੍ਰੈਂਪਟਨ ਸ਼ਹਿਰ ਦੀ ਸ਼ਲਾਘਾ ਕਰਦੇ ਹਾਂ। ਅਪਰਾਧ ਰੋਕਥਾਮ ਉਦੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੁੰਦੀ ਹੈ, ਜਦੋਂ ਇਸ ਵਿੱਚ ਕਮਿਊਨਿਟੀਜ਼, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਅਤੇ ਨਗਰਪਾਲਿਕਾ ਭਾਈਵਾਲਾਂ ਦਾ ਸਹਿਯੋਗ ਸ਼ਾਮਲ ਹੁੰਦਾ ਹੈ, ਅਤੇ ਇਹ ਪਹਿਲਕਦਮੀ ਉਹਨਾਂ ਸਾਂਝੇਦਾਰੀਆਂ ਦੀ ਕਾਰਵਾਈ ਦਾ ਇੱਕ ਉਦਾਹਰਣ ਹੈ।

ਅਸੀਂ ਸਾਰੇ ਨਿਵਾਸੀਆਂ ਨੂੰ ਇਸ ਗਾਈਡ ਨੂੰ ਵੇਖਣ, ਇਸ ਦੀਆਂ ਰਣਨੀਤੀਆਂ ਨੂੰ ਅਮਲ ਵਿੱਚ ਲਿਆਉਣ, ਅਤੇ ਸੁਰੱਖਿਅਤ, ਸਰਗਰਮ ਕਮਿਊਨਿਟੀਜ਼ ਬਣਾਉਣ ਵਿੱਚ ਸਾਡੇ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦੇ ਹਾਂ।

ਪੀਲ ਰੀਜਨਲ ਪੁਲਿਸ (Peel Regional Police)

ਤੁਹਾਡਾ ਘਰ ਅਤੇ ਕਮਿਊਨਿਟੀ, ਆਂਢ-ਗੁਆਂਢ ਦੀ ਸੁਰੱਖਿਆ ਲਈ ਇਕੱਠੇ ਮਿਲ ਕੇ ਕਿਵੇਂ ਕੰਮ ਕਰਦੇ ਹਨ

ਤੁਹਾਡੇ ਘਰ ਅਤੇ ਆਂਢ-ਗੁਆਂਢ ਨੂੰ ਹੋਰ ਸੁਰੱਖਿਅਤ ਬਣਾਉਣ ਦੇ ਕਈ ਤਰੀਕੇ ਹਨ। ਕੁਝ ਰਣਨੀਤੀਆਂ ਤੁਹਾਡੀ ਪ੍ਰਾਪਰਟੀ ਵਿੱਚ ਛੋਟੇ-ਮੋਟੇ ਭੌਤਿਕ ਬਦਲਾਅ ਕਰਨ ‘ਤੇ ਧਿਆਨ ਕੇਂਦ੍ਰਿਤ ਕਰਦੀਆਂ ਹਨ, ਜਦਕਿ ਬਾਕੀ ਰਣਨੀਤੀਆਂ ਰਿਸ਼ਤੇ ਬਣਾਉਣ, ਸਾਂਝੀਆਂ ਥਾਵਾਂ ਦੀ ਸੰਭਾਲ ਅਤੇ ਆਪਸੀ ਜੁੜਾਅ ਅਤੇ ਆਪਣੇਪਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ ਤੇ ਜ਼ੋਰ ਦਿੰਦੀਆਂ ਹਨ।

ਇਹ ਗਾਈਡ ਇਨ੍ਹਾਂ ਦੋ ਤਰੀਕਿਆਂ ‘ਤੇ ਅਧਾਰਿਤ ਹੈ: ਆਪਣੇ ਘਰ ਅਤੇ ਆਲੇ-ਦੁਆਲੇ ਦੇ ਮਾਹੌਲ ਵਿੱਚ ਪ੍ਰੈਕਟੀਕਲ ਸੁਧਾਰ ਕਰਨਾ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ। ਇਕੱਠੇ ਮਿਲ ਕੇ, ਇਹ ਤਰੀਕੇ ਅਪਰਾਧ ਦੇ ਮੌਕਿਆਂ ਨੂੰ ਘਟਾਉਣ, ਤੁਹਾਡੇ ਆਂਢ-ਗੁਆਂਢ ਵਿੱਚ ਮਾਣ ਅਤੇ ਦੇਖਭਾਲ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਲਈ ਜ਼ਿਆਦਾ ਸੁਆਗਤਯੋਗ ਮਾਹੌਲ ਬਣਾਉਣ ਵਿੱਚ ਮਦਦ ਕਰ ਸਕਦੇ ਹਨ।

ਹੇਠਾਂ ਮੁੱਖ ਵਿਸ਼ਿਆਂ ਦਾ ਸਾਰ ਦਿੱਤਾ ਗਿਆ ਹੈ, ਜੋ ਤੁਸੀਂ ਪੂਰੀ ਗਾਈਡ ਵਿੱਚ ਦੇਖੋਗੇ, ਨਾਲ ਹੀ ਉਨ੍ਹਾਂ ਨੂੰ ਰੋਜ਼ਾਨਾ ਜੀਵਨ ਵਿੱਚ ਲਾਗੂ ਕਰਨ ਦੇ ਉਦਾਹਰਣ ਵੀ ਦਿੱਤੇ ਗਏ ਹਨ:

ਇਹ ਕਿਸ ਬਾਰੇ ਹੈ	**ਇਸਦਾ ਕੀ ਮਤਲਬ ਹੈ**	**ਇਸਨੂੰ ਅਮਲ ਵਿੱਚ ਕਿਵੇਂ ਲਿਆਉਣਾ ਹੈ**
ਦੇਖੋ ਅਤੇ ਦਿਖਾਈ ਦਿਓ	ਸਾਰੇ ਦਿਖਣ ਵਾਲੇ ਰਸਤਿਆਂ ਨੂੰ ਸਾਫ਼ ਰੱਖੋ, ਢੁਕਵੀਂ ਰੋਸ਼ਨੀ ਵਾਲੀਆਂ ਲਾਈਟਾਂ ਅਤੇ ਉਹਨਾਂ ਵੱਧ ਉੱਗੇ ਪੌਦਿਆਂ ਨੂੰ ਕੱਟ ਦਿਓ, ਜਿਨ੍ਹਾਂ ਨਾਲ ਅਜਿਹੀਆਂ ਥਾਵਾਂ ਬਣਦੀਆਂ ਹਨ, ਜਿੱਥੇ ਕੋਈ ਲੁਕ ਸਕਦਾ ਹੈ।	ਤੁਸੀਂ ਵਧੇ ਹੋਏ ਰੁੱਖਾਂ ਅਤੇ ਝਾੜੀਆਂ ਨੂੰ ਕੱਟ ਕੇ ਅਤੇ ਦਰਵਾਜ਼ਿਆਂ ਅਤੇ ਪੈਦਲ ਰਸਤਿਆਂ ਦੇ ਆਲੇ-ਦੁਆਲੇ ਰੋਸ਼ਨੀ ਦਾ ਪ੍ਰਬੰਧ ਕਰੋਗੇ ਤਾਂ ਇਹ ਰਸਤੇ ਚੰਗੀ ਤਰ੍ਹਾਂ ਦਿਖਣ ਵਾਲੇ ਬਣ ਜਾਣਗੇ।
ਸਾਫ਼ ਰਸਤੇ ਅਤੇ ਸੀਮਾਵਾਂ	ਬਿਨਾਂ ਇਜਾਜ਼ਤ ਦੇ ਲੋਕ ਤੁਹਾਡੇ ਘਰ ਜਾਂ ਯਾਰਡ ਵਿੱਚ ਕਿਵੇਂ ਅਤੇ ਕਿੱਥੇ ਦਾਖਲ ਹੋ ਸਕਦੇ ਹਨ, ਇਸਨੂੰ ਸੀਮਿਤ ਕਰੋ।	ਆਪਣੀ ਪ੍ਰਾਪਰਟੀ ਦੀਆਂ ਹੱਦਾਂ ਨੂੰ ਵਾੜਾਂ, ਝਾੜੀਆਂ ਅਤੇ ਰਸਤੇ ਬਣਾ ਕੇ ਦੂਰੋਂ ਦਿੱਸਣ ਵਾਲਾ ਬਣਾਓ। ਦਾਖਲ ਹੋਣ ਵਾਲੀਆਂ ਥਾਵਾਂ ਨੂੰ ਦਿੱਸਣਯੋਗ ਅਤੇ ਚੰਗੀ ਰੋਸ਼ਨੀ ਵਾਲਾ ਰੱਖੋ ਅਤੇ ਸੰਭਾਵੀ ਘੁਸਪੈਠੀਆਂ ਨੂੰ ਰੋਕਣ ਲਈ ਝਾੜੀਆਂ ਵਰਗੀਆਂ ਕੁਦਰਤੀ ਰੁਕਾਵਟਾਂ ਦੀ ਵਰਤੋਂ ਕਰੋ।
ਦਿਖਾਓ ਕਿ ਤੁਹਾਨੂੰ ਪਰਵਾਹ ਹੈ	ਇੱਕ ਸਾਫ਼-ਸੁਥਰੀ, ਚੰਗੀ ਤਰ੍ਹਾਂ ਸੰਭਾਲੀ ਪ੍ਰਾਪਰਟੀ ਇਹ ਸੰਕੇਤ ਦਿੰਦੀ ਹੈ ਕਿ ਲੋਕ ਧਿਆਨ ਦੇ ਰਹੇ ਹਨ, ਜੋ ਅਣਚਾਹੀਆਂ ਗਤੀਵਿਧੀਆਂ ਨੂੰ ਰੋਕ ਸਕਦਾ ਹੈ।	ਬਾਹਰੀ ਖੇਤਰਾਂ ਨੂੰ ਸਾਫ਼-ਸੁਥਰਾ ਰੱਖੋ, ਟੂਲਸ ਅਤੇ ਕੀਮਤੀ ਚੀਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰੋ ਅਤੇ ਸਮੱਸਿਆਵਾਂ ਨੂੰ ਤੁਰੰਤ ਠੀਕ ਕਰੋ।
ਇਕੱਠੇ ਮਿਲ ਕੇ ਮਜ਼ਬੂਤ ਬਣੋ	ਜਦੋਂ ਲੋਕ ਸਾਂਝੀਆਂ ਥਾਵਾਂ 'ਤੇ ਇਕੱਠੇ ਹੁੰਦੇ ਹਨ, ਤਾਂ ਇਸ ਨਾਲ ਸੁਆਗਤ ਅਤੇ ਕਮਿਊਨਿਟੀ ਦੀ ਭਾਵਨਾ ਪੈਦਾ ਹੁੰਦੀ ਹੈ।	ਗੁਆਂਢੀਆਂ ਨੂੰ ਇਕੱਠਾ ਕਰਨ ਅਤੇ ਇੱਕ ਜੁੜਿਆ ਹੋਇਆ ਭਾਈਚਾਰਾ ਬਣਾਉਣ ਲਈ ਸਫਾਈ ਮੁਹਿੰਮਾਂ, ਭੋਜਨ ਸਾਂਝਾ ਕਰਨ ਦੀਆਂ ਪਾਰਟੀਆਂ ਜਾਂ ਸਟ੍ਰੀਟ ਪਾਰਟੀਆਂ ਵਰਗੇ ਕਾਰਜਕਰਮ ਆਯੋਜਿਤ ਕਰੋ।
ਸੰਤੁਲਨ ਬਣਾਈ ਰੱਖਣਾ	ਜਿੱਥੇ ਲੋਕ ਇਕੱਠੇ ਹੁੰਦੇ ਹਨ ਅਤੇ ਸੁਆਗਤ ਮਹਿਸੂਸ ਕਰਦੇ ਹਨ, ਉਹ ਥਾਂਵਾਂ ਆਪਣੇਪਣ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ।	ਪਾਰਕਾਂ, ਪੈਦਲ ਚੱਲਣ ਵਾਲੇ ਰਸਤਿਆਂ ਅਤੇ ਇਕੱਠੇ ਹੋਣ ਵਾਲੀਆਂ ਥਾਵਾਂ ਤੇ ਆਉਂਦੇ-ਜਾਂਦੇ ਰਹੋ ਅਤੇ ਲੋੜ ਪੈਣ 'ਤੇ ਸੁਧਾਰਾਂ ਦਾ ਸੁਝਾਅ ਦਿਓ।
ਜੁੜੇ ਰਹੋ	ਜੋ ਗੁਆਂਢੀ ਇੱਕ ਦੂਜੇ ਨੂੰ ਜਾਣਦੇ ਹਨ, ਉਹ ਇੱਕ ਦੂਜੇ ਦਾ ਧਿਆਨ ਰੱਖਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।	ਆਪਣੇ ਗੁਆਂਢੀਆਂ ਨੂੰ ਜਾਣੋ, ਸੰਪਰਕ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰੋ ਜਾਂ ਕਿਸੇ ਲੋਕਲ ਗਰੁੱਪ ਜਾਂ ਨੈੱਟਵਰਕ ਵਿੱਚ ਸ਼ਾਮਲ ਹੋਵੋ।
ਕਮਿਊਨਿਟੀ ਦਾ ਜਸ਼ਨ ਮਨਾਓ	ਇੱਕ ਆਂਢ-ਗੁਆਂਢ ਵਿੱਚ ਆਪਣੇਪਣ ਦੀ ਮਜ਼ਬੂਤ ਭਾਵਨਾ, ਲੋਕਾਂ ਨੂੰ ਇਸਦੀ ਦੇਖਭਾਲ ਅਤੇ ਸੁਰੱਖਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰਦੀ ਹੈ।	ਕਲਾ, ਕਹਾਣੀ ਸੁਣਾਉਣ, ਕਾਰਜਕਰਮਾਂ ਜਾਂ ਲੋਕਲ ਇਤਿਹਾਸ ਰਾਹੀਂ, ਆਪਣੀ ਕਮਿਊਨਿਟੀ ਦੀ ਪਛਾਣ ਦਾ ਜਸ਼ਨ ਮਨਾਓ।

ਭਾਗ 1: ਆਪਣੇ ਘਰ ਅਤੇ ਪ੍ਰਾਪਰਟੀ ਦੀ ਸੁਰੱਖਿਆ

ਇਹ ਭਾਗ ਤੁਹਾਨੂੰ ਆਪਣੇ ਘਰ ਅਤੇ ਪ੍ਰਾਪਰਟੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਸਧਾਰਣ, ਪ੍ਰੈਕਟੀਕਲ ਸੁਝਾਅ ਦਿੰਦਾ ਹੈ।

ਚਾਹੇ ਤੁਸੀਂ ਮਕਾਨ, ਟਾਊਨਹਾਊਸ, ਅਪਾਰਟਮੈਂਟ ਜਾਂ ਕੌਂਡੋਮਿਨੀਅਮ ਵਿੱਚ ਰਹਿੰਦੇ ਹੋ, ਰੋਜ਼ਾਨਾ ਦੇ ਛੋਟੇ-ਛੋਟੇ ਕਦਮ ਤੁਹਾਡੇ ਅਤੇ ਤੁਹਾਡੇ ਗੁਆਂਢੀਆਂ ਲਈ ਇੱਕ ਸੁਰੱਖਿਅਤ ਮਾਹੌਲ ਬਣਾਉਣ ਵਿੱਚ ਵੱਡਾ ਫਰਕ ਪਾ ਸਕਦੇ ਹਨ।

ਹਾਲਾਂਕਿ ਇਹ ਸੁਝਾਅ, ਸੁਰੱਖਿਆ ਵਧਾਉਣ ਲਈ ਦਿੱਤੇ ਗਏ ਹਨ, ਇਹਨਾਂ ਨੂੰ ਲਾਗੂ ਕਰਨ ਨਾਲ ਅਪਰਾਧ ਜਾਂ ਪ੍ਰਾਪਰਟੀ ਨੂੰ ਨੁਕਸਾਨ ਤੋਂ ਪੂਰੀ ਤਰ੍ਹਾਂ ਰੋਕਣ ਦੀ ਗਾਰੰਟੀ ਨਹੀਂ ਮਿਲਦੀ। ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਹਾਲਾਤਾਂ ਦੇ ਅਨੁਸਾਰ ਲੋੜ ਪੈਣ ‘ਤੇ ਵਾਧੂ ਉਪਾਅ ਕਰੇ।

ਦੇਖੋ ਅਤੇ ਦਿਖਾਈ ਦਿਓ

ਚੰਗੀ ਰੋਸ਼ਨੀ ਅਤੇ ਦੂਰੋਂ ਦਿੱਸਣ ਵਾਲੇ ਰਾਹ ਸਾਫ ਹੋਣ ਨਾਲ ਇਹ ਵੇਖਣਾ ਆਸਾਨ ਹੋ ਜਾਂਦਾ ਹੈ ਕਿ ਤੁਹਾਡੀ ਪ੍ਰਾਪਰਟੀ ਦੇ ਆਲੇ-ਦੁਆਲੇ ਕੀ ਹੋ ਰਿਹਾ ਹੈ। ਤੁਹਾਡੀ ਪ੍ਰਾਪਰਟੀ ਚੰਗੀ ਤਰ੍ਹਾਂ ਰੋਸ਼ਨ ਹੁੰਦੀ ਹੈ ਤਾਂ ਮੁਸ਼ਕਲ ਹੈ ਕਿ ਕੋਈ ਤੁਹਾਡੇ ਤੋਂ ਲੁਕ ਕੇ ਅੰਦਰ ਦਾਖਲ ਹੋ ਸਕੇ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਦਾਖਲ ਹੋਣ ਵਾਲੇ ਰਸਤਿਆਂ ਦੇ ਨੇੜੇ ਵਾਲੀਆਂ ਝਾੜੀਆਂ ਅਤੇ ਦਰੱਖਤਾਂ ਨੂੰ ਕੱਟ ਦਿਓ।
- ਆਪਣੇ ਘਰ ਦੇ ਆਲੇ-ਦੁਆਲੇ ਮੋਸ਼ਨ-ਸੈਂਸਰ ਜਾਂ ਟਾਈਮਰ ਵਾਲੀਆਂ ਲਾਈਟਾਂ ਲਗਾਓ।
- ਯਕੀਨੀ ਬਣਾਓ ਕਿ ਤੁਹਾਡਾ ਪਤਾ ਸਟ੍ਰੀਟ ਤੋਂ ਦਿਖਾਈ ਦੇਵੇ।
- ਟੁੱਟੀਆਂ ਸਟ੍ਰੀਟਲਾਈਟਾਂ ਜਾਂ ਸਾਂਝੇ ਖੇਤਰ ਵਿੱਚ ਰੋਸ਼ਨੀ ਨਾ ਹੋਣ ਤੇ ਉਸਦੀ ਰਿਪੋਰਟ ਕਰੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਝਾੜੀਆਂ ਅਤੇ ਦਰੱਖਤਾਂ ਨੂੰ ਕੱਟਿਆ ਗਿਆ ਹੈ ਤਾਂ ਜੋ ਉੱਥੇ ਕੋਈ ਲੁਕ ਨਾ ਸਕੇ?	☐	☐
ਕੀ ਦਾਖਲ ਹੋਣ ਵਾਲੇ ਰਸਤੇ ਅਤੇ ਪੈਦਲ ਰਸਤੇ ਰਾਤ ਨੂੰ ਚੰਗੀ ਤਰ੍ਹਾਂ ਰੌਸ਼ਨ ਹੁੰਦੇ ਹਨ?	☐	☐
ਕੀ ਤੁਹਾਡਾ ਘਰ ਜਾਂ ਯੂਨਿਟ ਨੰਬਰ ਸਟ੍ਰੀਟ ਤੋਂ ਸਾਫ-ਸਾਫ ਦਿਖਾਈ ਦਿੰਦਾ ਹੈ?	☐	☐
ਕੀ ਸਾਂਝੀਆਂ ਜਾਂ ਬਾਹਰੀ ਲਾਈਟਾਂ ਠੀਕ ਕੰਮ ਕਰ ਰਹੀਆਂ ਹਨ?	☐	☐

ਸਾਫ਼ ਰਸਤੇ ਅਤੇ ਸੀਮਾਵਾਂ

ਲੋਕਾਂ ਦੇ ਤੁਹਾਡੇ ਘਰ ਵਿੱਚ ਦਾਖਲ ਹੋਣ ਦੇ ਤਰੀਕੇ ‘ਤੇ ਨਿਯੰਤਰਣ ਰੱਖਣਾ, ਘਰ ਵਿੱਚ ਚੋਰੀ ਦੀਆਂ ਸੰਭਾਵਨਾਵਾਂ ਘਟਾਉਣ ਲਈ ਬਹੁਤ ਜਰੂਰੀ ਹੈ। ਦਰਵਾਜ਼ੇ, ਖਿੜਕੀਆਂ ਅਤੇ ਦਾਖਲ ਹੋਣ ਵਾਲੇ ਦੂਜੇ ਰਸਤਿਆਂ ਨੂੰ ਸੁਰੱਖਿਅਤ ਕਰੋ, ਤਾਂ ਜੋ ਉਹ ਲੋਕ ਹੀ ਅੰਦਰ ਆ ਸਕਣ, ਜਿਨ੍ਹਾਂ ਨੂੰ ਤੁਸੀਂ ਬੁਲਾਇਆ ਹੋਵੇ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਸਾਰੇ ਦਰਵਾਜ਼ਿਆਂ ਅਤੇ ਖਿੜਕੀਆਂ ‘ਤੇ ਤਾਲੇ ਲਗਾਓ ਅਤੇ ਉਨ੍ਹਾਂ ਨੂੰ ਨਿਯਮਤ ਤੌਰ ‘ਤੇ ਚੈੱਕ ਕਰੋ।
- ਗੈਰੇਜ, ਸ਼ੈਡ ਅਤੇ ਦਾਖਲ ਹੋਣ ਵਾਲੇ ਹੋਰਾਂ ਦੂਜੇ ਰਸਤਿਆਂ ਨੂੰ ਸੁਰੱਖਿਅਤ ਕਰੋ।
- ਵਾਧੂ ਚਾਬੀਆਂ ਕਿਸੇ ਸੁਰੱਖਿਅਤ ਥਾਂ ‘ਤੇ ਰੱਖੋ (ਚਟਾਈ ਜਾਂ ਗਮਲੇ ਹੇਠਾਂ ਨਹੀਂ)।
- ਆਪਣੀਆਂ ਕੀਮਤੀ ਚੀਜ਼ਾਂ ਦਾਖਲ ਹੋਣ ਵਾਲੇ ਹੋਰਾਂ ਦੂਜੇ ਰਸਤਿਆਂ ਤੋਂ ਦੂਰ ਰੱਖੋ।
- ਬਿਨਾਂ ਕੁੰਜੀ ਵਾਲੇ ਐਂਟਰੀ ਤਾਲਿਆਂ ਲਈ ਆਪਣਾ ਪਾਸਕੋਡ ਸਿਰਫ਼ ਭਰੋਸੇਯੋਗ ਲੋਕਾਂ ਨਾਲ ਹੀ ਸਾਂਝਾ ਕਰੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਠੀਕ ਤਰ੍ਹਾਂ ਕੰਮ ਕਰਨ ਵਾਲੇ ਤਾਲਿਆਂ ਨਾਲ ਸੁਰੱਖਿਅਤ ਹਨ?	☐	☐
ਜਦੋਂ ਗੈਰਾਜ ਦੇ ਦਰਵਾਜ਼ੇ ਅਤੇ ਗੇਟ ਵਰਤੋਂ ਵਿੱਚ ਨਹੀਂ ਹੁੰਦੇ, ਕੀ ਉਹ ਬੰਦ ਰਹਿੰਦੇ ਹਨ?	☐	☐
ਕੀ ਵਾਧੂ ਚਾਬੀਆਂ ਸੁਰੱਖਿਅਤ ਥਾਂ 'ਤੇ ਰੱਖੀਆਂ ਗਈਆਂ ਹਨ (ਚਟਾਈਆਂ, ਗਮਲਿਆਂ ਜਾਂ ਕਿਸੇ ਛੱਜਿਆਂ ਹੇਠਾਂ ਨਹੀਂ)?	☐	☐
ਕੀ ਤੁਹਾਡਾ ਵਾਹਨ ਬੰਦ ਹੈ ਅਤੇ ਕੀਮਤੀ ਚੀਜ਼ਾਂ ਦੂਜਿਆਂ ਦੀਆਂ ਨਜ਼ਰਾਂ ਤੋਂ ਦੂਰ ਹਨ?	☐	☐

ਪਰਵਾਹ ਦਿਖਾਓ

ਇੱਕ ਐਸਾ ਘਰ ਜੋ ਸੰਭਾਲਿਆ ਹੋਇਆ ਲੱਗਦਾ ਹੈ, ਇਹ ਦਰਸਾਉਂਦਾ ਹੈ ਕਿ ਲੋਕ ਮੌਜੂਦ ਹਨ ਅਤੇ ਸਰਗਰਮ ਹਨ। ਇਹ ਸਪਸ਼ਟ ਸੰਦੇਸ਼ ਦੇ ਕੇ ਅਪਰਾਧ ਨੂੰ ਰੋਕ ਸਕਦਾ ਹੈ ਕਿ ਪ੍ਰਾਪਰਟੀ ਦੀ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਇਸਦੀ ਕਦਰ ਕੀਤੀ ਜਾਂਦੀ ਹੈ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਆਪਣੀ ਪ੍ਰਾਪਰਟੀ ਨੂੰ ਸਾਫ-ਸੁਥਰਾ ਰੱਖੋ ਅਤੇ ਚੰਗੀ ਤਰ੍ਹਾਂ ਸੰਭਾਲ ਕਰੋ।
- “ਕੈਮਰੇ ਵਰਤੋਂ ਵਿੱਚ ਹਨ” ਵਰਗੇ ਸਾਈਨ ਬੋਰਡ ਲਗਾਓ ਜਾਂ ਹੋਰ ਰੋਕਥਾਮ ਦੇ ਉਪਾਅ ਕਰੋ।
- ਵਾੜਾਂ, ਗੇਟਾਂ ਜਾਂ ਪੇਟਿਓ ਦੀ ਸੰਭਾਲ ਕਰੋ।
- ਆਂਢ-ਗੁਆਂਢ ਦੀਆਂ ਸਫਾਈ ਮੁਹਿੰਮਾਂ ਵਿੱਚ ਸ਼ਾਮਲ ਹੋਵੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਤੁਹਾਡਾ ਘਰ ਜਾਂ ਯੂਨਿਟ ਇੰਜ ਦਿੱਸਦੀ ਹੈ ਕਿ ਉਸ ਵਿੱਚ ਕੋਈ ਰਹਿੰਦਾ ਹੈ ਅਤੇ ਉਸਦੀ ਦੇਖਭਾਲ ਕਰਦਾ ਹੈ?	☐	☐
ਕੀ ਤੁਹਾਡੀ ਪ੍ਰਾਪਰਟੀ ਸਾਫ਼-ਸੁਥਰੀ ਹੈ ਅਤੇ ਸਮਾਨ ਖਿੱਲਰਿਆ ਹੋਇਆ ਨਹੀਂ ਹੈ?	☐	☐
ਕੀ ਸੁਰੱਖਿਆ ਦੇ ਸਾਈਨ ਬੋਰਡ ਲਗਾਏ ਹਨ ਜਾਂ ਦਿੱਸਣਯੋਗ ਰੋਕਥਾਮ ਦੇ ਉਪਾਅ ਕੀਤੇ ਹੋਏ ਹਨ?	☐	☐
ਕੀ ਵਾੜਾਂ, ਦਰਵਾਜ਼ੇ ਜਾਂ ਰਸਤੇ ਚੰਗੀ ਹਾਲਤ ਵਿੱਚ ਹਨ?	☐	☐
ਕੀ ਤੁਸੀਂ ਸਾਂਝੀਆਂ ਥਾਵਾਂ ਨੂੰ ਸਾਫ਼-ਸੁਥਰਾ ਰੱਖਣ ਵਿੱਚ ਹਿੱਸਾ ਲੈਂਦੇ ਹੋ?	☐	☐

ਹਾਲਾਂਕਿ ਆਪਣੇ ਘਰ ਅਤੇ ਪ੍ਰਾਪਰਟੀ ਨੂੰ ਸੁਰੱਖਿਅਤ ਕਰਨਾ, ਅਪਰਾਧ ਰੋਕਥਾਮ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਸੁਰੱਖਿਆ ਸਿਰਫ ਆਪੋ-ਆਪਣੇ ਘਰਾਂ ਤੱਕ ਸੀਮਤ ਨਹੀਂ ਹੁੰਦੀ। ਇੱਕ ਸੁਰੱਖਿਅਤ ਆਂਢ-ਗੁਆਂਢ ਉਹ ਹੁੰਦਾ ਹੈ, ਜਿੱਥੇ ਵਸਨੀਕ ਇੱਕ ਦੂਜੇ ਦਾ ਖਿਆਲ ਰੱਖਦੇ ਹਨ, ਲੋਕਲ ਮੁੱਦਿਆਂ ‘ਤੇ ਇਕੱਠੇ ਮਿਲ ਕੇ ਕੰਮ ਕਰਦੇ ਹਨ ਅਤੇ ਉਹਨਾਂ ਵਿੱਚ ਕਮਿਊਨਿਟੀ ਦੀ ਮਜ਼ਬੂਤ ਭਾਵਨਾ ਹੁੰਦੀ ਹੈ।

ਗੁਆਂਢੀਆਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਸਮਾਜਿਕ ਮੇਲ-ਮਿਲਾਪ ਨੂੰ ਵਧਾਉਣ ਨਾਲ ਅਪਰਾਧ ਨੂੰ ਰੋਕਿਆ ਜਾ ਸਕਦਾ ਹੈ, ਸੁਰੱਖਿਅਤ ਸਾਂਝੀਆਂ ਥਾਵਾਂ ਬਣ ਸਕਦੀਆਂ ਹਨ ਅਤੇ ਸੰਭਾਲ ਅਤੇ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਭਾਗ 2: ਆਂਢ-ਗੁਆਂਢ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ

ਮਜ਼ਬੂਤ, ਸਥਿਰ ਅਤੇ ਜੋਸ਼ੀਲੇ ਆਂਢ-ਗੁਆਂਢ ਬਣਾਉਣ ਵਿੱਚ ਭਾਈਚਾਰਕ ਸ਼ਮੂਲੀਅਤ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਸੁਰੱਖਿਆ ਲਈ ਇੱਕ ਸਮੂਹਿਕ ਦ੍ਰਿਸ਼ਟਕੋਣ ਵਿੱਚ ਨਾ ਸਿਰਫ਼ ਅਪਰਾਧ ਰੋਕਥਾਮ, ਬਲਕਿ ਰਿਸ਼ਤਿਆਂ ਨੂੰ ਮਜ਼ਬੂਤ ਕਰਨਾ, ਸਾਂਝੀ ਪਛਾਣ ਦੀ ਭਾਵਨਾ ਪੈਦਾ ਕਰਨਾ, ਜੁੜੇ ਰਹਿਣਾ ਅਤੇ ਇੱਕ ਦੂਜੇ ਦਾ ਖਿਆਲ ਰੱਖਣਾ ਵੀ ਸ਼ਾਮਲ ਹੈ।

ਇਕੱਠੇ ਮਜ਼ਬੂਤ ਬਣੋ

ਜਦੋਂ ਗੁਆਂਢੀ ਇਕੱਠੇ ਹੁੰਦੇ ਹਨ ਅਤੇ ਆਪੋ-ਆਪਣੇ ਤਜਰਬੇ ਸਾਂਝੇ ਕਰਦੇ ਹਨ, ਤਾਂ ਇਹ ਜੁੜਾਅ ਅਤੇ ਭਰੋਸੇ ਦੀ ਭਾਵਨਾ ਪੈਦਾ ਕਰਦਾ ਹੈ। ਕਮਿਊਨਿਟੀ ਗਤੀਵਿਧੀਆਂ ਲੋਕਾਂ ਵਿੱਚ ਸੁਆਗਤ ਦੀ ਭਾਵਨਾ ਪੈਦਾ ਕਰਦੀਆਂ ਹਨ ਅਤੇ ਪਬਲਿਕ ਥਾਵਾਂ ਪ੍ਰਤੀ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀਆਂ ਹਨ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਸਟ੍ਰੀਟ ਪਾਰਟੀ, ਬਾਰਬੇਕਿਊ ਜਾਂ ਸੱਭਿਆਚਾਰਕ ਜਸ਼ਨ ਦਾ ਆਯੋਜਨ ਕਰੋ।
- ਕਮਿਊਨਿਟੀ ਸਫ਼ਾਈ ਜਾਂ ਸੁੰਦਰਤਾ ਪ੍ਰੋਜੈਕਟ ਦੀ ਯੋਜਨਾ ਬਣਾਓ।
- ਆਊਟਡੋਰ ਮੂਵੀ ਨਾਈਟ ਜਾਂ ਹੁਨਰ-ਸਾਂਝਾ ਕਰਨ ਵਾਲੀ ਵਰਕਸ਼ਾਪ ਦਾ ਆਯੋਜਨ ਕਰੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਤੁਸੀਂ ਹਾਲ ਹੀ ਵਿੱਚ ਆਪਣੇ ਇਲਾਕੇ ਵਿੱਚ ਕਿਸੇ ਕਮਿਊਨਿਟੀ ਗਤੀਵਿਧੀ ਵਿੱਚ ਹਿੱਸਾ ਲਿਆ ਹੈ ਜਾਂ ਇਸਦਾ ਆਯੋਜਨ ਕੀਤਾ ਹੈ?	☐	☐
ਕੀ ਤੁਹਾਡੇ ਇਲਾਕੇ ਵਿੱਚ ਕੋਈ ਸਾਂਝੀਆਂ ਥਾਵਾਂ ਹਨ, ਜੋ ਇਕੱਠਾਂ ਲਈ ਵਰਤੀਆਂ ਜਾ ਸਕਦੀਆਂ ਹਨ?	☐	☐
ਕੀ ਤੁਸੀਂ ਕਦੇ ਗੁਆਂਢੀਆਂ ਨੂੰ ਕਿਸੇ ਕਮਿਊਨਿਟੀ ਕਾਰਜਕਰਮ ਜਾਂ ਇਕੱਠ ਲਈ ਸੱਦਾ ਦਿੱਤਾ ਹੈ?	☐	☐
ਕੀ ਗੁਆਂਢੀਆਂ ਨਾਲ ਅੱਪਡੇਟ ਸਾਂਝੇ ਕਰਨ ਲਈ, ਤੁਹਾਡਾ ਕੋਈ ਸੋਸ਼ਲ ਮੀਡੀਆ ਗਰੁੱਪ ਜਾਂ ਪੇਜ ਹੈ?	☐	☐

ਸੰਤੁਲਨ ਬਣਾਈ ਰੱਖਣਾ

ਪਬਲਿਕ ਥਾਵਾਂ, ਜੋ ਸੁਰੱਖਿਅਤ, ਸਰਗਰਮ ਅਤੇ ਸੁਆਗਤਯੋਗ ਮਹਿਸੂਸ ਹੁੰਦੀਆਂ ਹਨ, ਲੋਕ ਉਨ੍ਹਾਂ ਵਿੱਚ ਸਮਾਂ ਬਿਤਾਉਣ ਵਿੱਚ ਆਰਾਮਦਾਇਕ ਮਹਿਸੂਸ ਕਰਦੇ ਹਨ। ਇਸ ਨਾਲ ਤੁਹਾਡੇ ਆਂਢ-ਗੁਆਂਢ ਵਿੱਚ ਸੁਰੱਖਿਆ ਅਤੇ ਆਪਣੇਪਣ ਦੀ ਮਜ਼ਬੂਤ ਭਾਵਨਾ ਪੈਦਾ ਹੁੰਦੀ ਹੈ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਪਾਰਕਾਂ, ਟ੍ਰੇਲਸ ਅਤੇ ਇਕੱਠੇ ਹੋਣ ਵਾਲੀਆਂ ਥਾਵਾਂ ਦੀ ਅਕਸਰ ਵਰਤੋਂ ਕਰੋ।
- ਆਪਣੇ ਸ਼ਹਿਰ ਜਾਂ ਲੋਕਲ ਗਰੁੱਪ ਨਾਲ ਆਪਣੇ ਵਿਚਾਰ ਸਾਂਝੇ ਕਰੋ, ਤਾਂ ਜੋ ਘੱਟ ਵਰਤੇ ਜਾਣ ਵਾਲੇ ਖੇਤਰਾਂ ਨੂੰ ਬਿਹਤਰ ਬਣਾਇਆ ਜਾ ਸਕੇ।
- ਕਮਿਊਨਿਟੀ ਥਾਵਾਂ ਦੀ ਸਕਾਰਾਤਮਕ ਵਰਤੋਂ ਨੂੰ ਉਤਸ਼ਾਹਿਤ ਕਰੋ, ਤਾਂ ਜੋ ਉਹ ਸਰਗਰਮ ਅਤੇ ਆਕਰਸ਼ਕ ਰਹਿਣ।
- ਟੁੱਟੀਆਂ ਹੋਈਆਂ ਸਟ੍ਰੀਟਲਾਈਟਾਂ ਵਰਗੀਆਂ ਕਿਸੇ ਵੀ ਸਮੱਸਿਆਵਾਂ ਦੀ 311 ‘ਤੇ ਰਿਪੋਰਟ ਕਰੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਤੁਹਾਡੇ ਨੇੜੇ ਕੋਈ ਸਾਂਝੀਆਂ ਥਾਵਾਂ ਹਨ, ਜੋ ਸੁਆਗਤਯੋਗ ਅਤੇ ਸੁਰੱਖਿਅਤ ਮਹਿਸੂਸ ਹੁੰਦੀਆਂ ਹਨ?	☐	☐
ਕੀ ਤੁਹਾਡਾ ਆਂਢ-ਗੁਆਂਢ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਲੋਕ ਇਕੱਠੇ ਹੋਣ ਲਈ ਉਤਸ਼ਾਹਿਤ ਹੋਣ?	☐	☐
ਕੀ ਤੁਹਾਡੇ ਕੋਲ ਲੋਕਲ ਥਾਵਾਂ ਨੂੰ ਹੋਰ ਸੁਆਗਤਯੋਗ ਬਣਾਉਣ ਲਈ ਕੋਈ ਸੁਝਾਅ ਹਨ?	☐	☐

ਜੁੜੇ ਰਹੋ

ਜਾਣਕਾਰੀ ਸਾਂਝੀ ਕਰਨ ਅਤੇ ਇੱਕ ਦੂਜੇ ਦਾ ਖਿਆਲ ਰੱਖਣ ਨਾਲ ਇੱਕ ਜੁੜਿਆ ਹੋਇਆ ਅਤੇ ਮਜ਼ਬੂਤ ਭਾਈਚਾਰਾ ਬਣਦਾ ਹੈ। ਇਹ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਆਪਣੇਪਣ ਦੀ ਭਾਵਨਾ ਨੂੰ ਵਧਾਉਂਦਾ ਹੈ। ਪ੍ਰਭਾਵਸ਼ਾਲੀ ਗੱਲਬਾਤ ਅਪਰਾਧ ਨੂੰ ਰੋਕਣ ਵਿੱਚ ਮਦਦ ਕਰਦੀ ਹੈ ਅਤੇ ਤੁਹਾਡੇ ਭਾਈਚਾਰੇ ਵਿੱਚ ਵਿਸ਼ਵਾਸ ਪੈਦਾ ਕਰਦੀ ਹੈ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਆਪਣੇ ਗੁਆਂਢੀਆਂ ਨਾਲ ਜਾਣ-ਪਛਾਣ ਕਰੋ, ਇੱਕ ਸਧਾਰਨ ਹੈਲੋ ਨਾਲ ਸ਼ੁਰੂਆਤ ਕਰੋ।
- ਇੱਕ ਗੁਆਂਢੀ ਵਟਸਐਪ (WhatsApp) ਜਾਂ ਕੋਈ ਹੋਰ ਸੋਸ਼ਲ ਮੀਡੀਆ ਗਰੁੱਪ ਸ਼ੁਰੂ ਕਰੋ।
- ਨੇਬਰਹੁੱਡ ਐਸੋਸੀਏਸ਼ਨ ਵਿੱਚ ਸ਼ਾਮਲ ਹੋਵੋ ਜਾਂ ਇਸਦੀ ਸ਼ੁਰੂਆਤ ਕਰੋ।
- ਸੁਰੱਖਿਆ ਸੰਬੰਧੀ ਚਿੰਤਾਵਾਂ ਜਾਂ ਸ਼ੱਕੀ ਗਤੀਵਿਧੀਆਂ ਬਾਰੇ, ਆਪਣੇ ਗੁਆਂਢੀਆਂ ਜਾਂ ਲੋਕਲ ਅਧਿਕਾਰੀਆਂ ਨਾਲ ਅੱਪਡੇਟ ਸਾਂਝੇ ਕਰੋ।
- ਬ੍ਰੈਂਪਟਨ ਸ਼ਹਿਰ ਦੇ ਕਮਿਊਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ (Community Safety and Well-Being Office) ਵਰਗੇ ਲੋਕਲ ਸੰਗਠਨਾਂ ਨਾਲ ਜੁੜੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਤੁਸੀਂ ਤਾਜ਼ਾ ਲੋਕਲ ਸੁਰੱਖਿਆ ਜਾਣਕਾਰੀ ਲੈਂਦੇ ਰਹਿੰਦੇ ਹੋ?	☐	☐
ਕੀ ਤੁਸੀਂ ਆਪਣੇ ਗੁਆਂਢ ਵਿੱਚ ਕਿਸੇ ਕਮਿਊਨਿਟੀ ਗਰੁੱਪਾਂ ਜਾਂ ਨੈੱਟਵਰਕਾਂ ਨਾਲ ਜੁੜੇ ਹੋ?	☐	☐
ਕੀ ਤੁਸੀਂ ਜਾਣਦੇ ਹੋ ਕਿ ਸ਼ੱਕੀ ਗਤੀਵਿਧੀ ਦੀ ਰਿਪੋਰਟ ਕਿਵੇਂ ਕਰਨੀ ਹੈ ਜਾਂ ਲੋਕਲ ਸੇਵਾਵਾਂ ਤੋਂ ਮਦਦ ਕਿਵੇਂ ਲੈਣੀ ਹੈ?	☐	☐
ਕੀ ਤੁਸੀਂ ਆਪਣੇ ਨੇੜਲੇ ਗੁਆਂਢੀਆਂ ਦੇ ਨਾਮ ਅਤੇ ਪਤੇ ਜਾਣਦੇ ਹੋ?	☐	☐
ਕੀ ਤੁਹਾਡੇ ਕੋਲ ਲੋੜ ਪੈਣ 'ਤੇ ਆਪਣੇ ਗੁਆਂਢੀਆਂ ਨਾਲ ਤੁਰੰਤ ਸੰਪਰਕ ਕਰਨ ਦਾ ਕੋਈ ਤਰੀਕਾ ਹੈ?	☐	☐

ਕਮਿਊਨਿਟੀ ਦਾ ਜਸ਼ਨ ਮਨਾਓ

ਇੱਕ ਅਜਿਹਾ ਆਂਢ-ਗੁਆਂਢ, ਜੋ ਬੇਜੋੜ ਅਤੇ ਮਾਇਨੇ ਰੱਖਣ ਵਾਲਾ ਮਹਿਸੂਸ ਹੁੰਦਾ ਹੈ, ਲੋਕਾਂ ਨੂੰ ਇਸਦੀ ਦੇਖਭਾਲ ਕਰਨ ਲਈ ਉਤਸ਼ਾਹਿਤ ਕਰਦਾ ਹੈ। ਸਾਂਝੀਆਂ ਕੀਤੀਆਂ ਕਹਾਣੀਆਂ, ਕਲਾ ਅਤੇ ਸੱਭਿਆਚਾਰ ਲੋਕਾਂ ਨੂੰ ਇਕੱਠਾ ਕਰਦੇ ਹਨ ਅਤੇ ਜਿੱਥੇ ਉਹ ਰਹਿੰਦੇ ਹਨ, ਉੱਥੇ ਮਾਣ ਮਹਿਸੂਸ ਕਰਵਾਉਂਦੇ ਹਨ।

ਤੁਸੀਂ ਇਸਨੂੰ ਕਿਵੇਂ ਲਾਗੂ ਕਰ ਸਕਦੇ ਹੋ:

- ਪਬਲਿਕ ਕਲਾ ਜਾਂ ਸੱਭਿਆਚਾਰਕ ਕਾਰਜਕਰਮਾਂ ਦੇ ਨਾਲ ਆਪਣੇ ਆਂਢ-ਗੁਆਂਢ ਦੀ ਪਛਾਣ ਦਾ ਜਸ਼ਨ ਮਨਾਓ।
- ਉਹ ਕਹਾਣੀਆਂ ਜਾਂ ਇਤਿਹਾਸ ਸਾਂਝਾ ਕਰੋ, ਜੋ ਲੋਕਾਂ ਨੂੰ ਉਸ ਥਾਂ ਨਾਲ ਜੋੜਦੀਆਂ ਹਨ।
- ਆਪਣੀ ਕਮਿਊਨਿਟੀ ਦੀਆਂ ਖੂਬੀਆਂ ਨੂੰ ਉਜਾਗਰ ਕਰਨ ਵਾਲੇ ਪ੍ਰੋਜੈਕਟਾਂ ਦਾ ਸਮਰਥਨ ਕਰੋ।

ਖੁਦ ਚੈੱਕ ਕਰੋ:	ਹਾਂ	ਨਹੀਂ
ਕੀ ਤੁਹਾਨੂੰ ਆਪਣੇ ਆਂਢ-ਗੁਆਂਢ 'ਤੇ ਮਾਣ ਮਹਿਸੂਸ ਹੁੰਦਾ ਹੈ?	☐	☐
ਕੀ ਤੁਹਾਡੀ ਕਮਿਊਨਿਟੀ ਵਿੱਚ ਆਪਣੇ ਸਭਿਆਚਾਰ ਜਾਂ ਇਤਿਹਾਸ ਨੂੰ ਮਨਾਉਣ ਦੇ ਕੋਈ ਤਰੀਕੇ ਹਨ?	☐	☐
ਕੀ ਤੁਸੀਂ ਇਹ ਪਛਾਣ ਦੀ ਭਾਵਨਾ ਬਣਾਉਣ ਜਾਂ ਮਜ਼ਬੂਤ ਕਰਨ ਵਿੱਚ ਮਦਦ ਕਰਨਾ ਚਾਹੋਗੇ?	☐	☐

ਇੱਕ ਸੁਰੱਖਿਅਤ ਅਤੇ ਜੁੜੇ ਹੋਏ ਆਂਢ-ਗੁਆਂਢ ਦਾ ਹਿੱਸਾ ਹੋਣ ਦਾ ਮਤਲਬ ਇਹ ਵੀ ਹੈ ਕਿ ਤੁਸੀਂ ਆਪਣੇ ਆਲੇ-ਦੁਆਲੇ ਹੋ ਰਹੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਰਹੋ। ਸ਼ੱਕੀ ਗਤੀਵਿਧੀ ਨੂੰ ਪਛਾਣਨ ਅਤੇ ਉਸਦੀ ਰਿਪੋਰਟ ਕਰਨ ਦਾ ਤਰੀਕਾ ਜਾਣਨਾ, ਤੁਹਾਡੀ ਕਮਿਊਨਿਟੀ ਦੀ ਸੁਰੱਖਿਆ ਵਿੱਚ ਮਦਦ ਕਰਨ ਦਾ ਇੱਕ ਹੋਰ ਤਰੀਕਾ ਹੈ।

ਅਪਾਰਟਮੈਂਟ ਅਤੇ ਕੋਂਡੋ ਦੀ ਸੁਰੱਖਿਆ ਸਬੰਧੀ ਸੁਝਾਅ

ਜ਼ਿੰਮੇਵਾਰੀਆਂ:

- ਕਿਰਾਏ ਦੀਆਂ ਬਿਲਡਿੰਗਾਂ ਵਿੱਚ, ਸੁਰੱਖਿਆ ਆਮ ਤੌਰ ‘ਤੇ ਬਿਲਡਿੰਗ ਮੈਨੇਜਰ ਵੱਲੋਂ ਸੰਭਾਲੀ ਜਾਂਦੀ ਹੈ।
- ਕੋਂਡੋਜ ਵਿੱਚ, ਤੁਸੀਂ ਆਪਣੀ ਯੂਨਿਟ ਲਈ ਜ਼ਿੰਮੇਵਾਰ ਹੁੰਦੇ ਹੋ, ਜਦਕਿ ਕੋਂਡੋ ਕਾਰਪੋਰੇਸ਼ਨ ਸਾਂਝੇ ਖੇਤਰਾਂ ਨੂੰ ਸੰਭਾਲਦੀ ਹੈ।

ਤੁਸੀਂ ਕੀ ਕਰ ਸਕਦੇ ਹੋ:

- ਆਪਣੀ ਬਿਲਡਿੰਗ ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਬਾਰੇ ਜਾਣੋ।
- ਆਪਣੇ ਗੁਆਂਢੀਆਂ ਨੂੰ ਜਾਣੋ! ਇਸ ਨਾਲ ਇੱਕ ਸੁਰੱਖਿਅਤ ਕਮਿਊਨਿਟੀ ਬਣਾਉਣ ਵਿੱਚ ਮਦਦ ਮਿਲਦੀ ਹੈ।
- ਜਦੋਂ ਵੀ ਤੁਸੀਂ ਬਾਹਰ ਹੋਵੋ, ਆਪਣੇ ਦਰਵਾਜ਼ੇ ਅਤੇ ਬਾਲਕਨੀ ਨੂੰ ਹਮੇਸ਼ਾ ਤਾਲਾ ਲਗਾਓ।
- ਸਿਰਫ਼ ਉਹਨਾਂ ਲੋਕਾਂ ਨੂੰ ਬਿਲਡਿੰਗ ਵਿੱਚ ਆਉਣ ਦਿਓ, ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਮਹਿਮਾਨਾਂ ਨੂੰ ਯਾਦ ਦਿਵਾਓ ਕਿ ਉਹ ਆਪਣੇ ਪਿੱਛੇ ਦੇ ਦਰਵਾਜ਼ੇ ਬੰਦ ਕਰ ਲੈਣ।

ਹੇਠਾਂ ਲਿਖੇ ਕੰਮਾਂ ਦੁਆਰਾ ਆਪਣੀ ਬਿਲਡਿੰਗ ਨੂੰ ਸੁਰੱਖਿਅਤ ਰੱਖੋ:

- ਸੁਰੱਖਿਆ ਸੰਬੰਧੀ ਕਿਸੇ ਵੀ ਮੁੱਦੇ ਦੀ ਆਪਣੇ ਮੈਨੇਜਰ ਜਾਂ ਮਾਲਕ ਨੂੰ ਸੂਚਨਾ ਦੇਣਾ।
- ਟੁੱਟੇ ਹੋਏ ਤਾਲੇ, ਖਿੜਕੀਆਂ ਜਾਂ ਲਾਈਟਾਂ ਬਾਰੇ ਸੂਚਿਤ ਕਰਨਾ।
- ਜੇ ਤੁਸੀਂ ਘਰ ਤੋਂ ਦੂਰ ਹੋਵੋਗੇ ਜਾਂ ਘਰ ‘ਤੇ ਕੰਮ ਹੋ ਰਿਹਾ ਹੋਵੇ, ਤਾਂ ਗੁਆਂਢੀਆਂ ਜਾਂ ਮੈਨੇਜਮੈਂਟ ਨੂੰ ਦੱਸਣਾ।

ਲਿਫਟ ਸਬੰਧੀ ਸੁਰੱਖਿਆ:

- ਦਾਖਲ ਹੋਣ ਤੋਂ ਪਹਿਲਾਂ ਵੇਖੋ ਕਿ ਅੰਦਰ ਕੌਣ ਹੈ।
- ਜੇ ਕੋਈ ਤੁਹਾਨੂੰ ਅਸਹਿਜ ਮਹਿਸੂਸ ਕਰਵਾਉਂਦਾ ਹੈ, ਤਾਂ ਅਗਲੀ ਲਿਫਟ ਦੀ ਉਡੀਕ ਕਰੋ।
- ਜੇ ਤੁਹਾਡੇ ਬਾਅਦ ਕੋਈ ਸ਼ੱਕੀ ਵਿਅਕਤੀ ਦਾਖਲ ਹੁੰਦਾ ਹੈ, ਤਾਂ ਦਰਵਾਜ਼ੇ ਬੰਦ ਹੋਣ ਤੋਂ ਪਹਿਲਾਂ ਬਾਹਰ ਨਿਕਲ ਜਾਓ।

ਕਿਸ ਗੱਲ ਦਾ ਧਿਆਨ ਰੱਖਣਾ ਹੈ: ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰਨਾ

ਹਰ ਕੋਈ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਵਿੱਚ ਆਪਣੀ ਭੂਮਿਕਾ ਨਿਭਾ ਸਕਦਾ ਹੈ। ਜੇ ਤੁਹਾਨੂੰ ਕੁਝ ਅਜਿਹਾ ਨਜ਼ਰ ਆਵੇ, ਜੋ ਠੀਕ ਨਾ ਲੱਗੇ, ਤਾਂ ਆਪਣੇ ਮਨ ਦੀ ਸੁਣੋ ਅਤੇ ਉਸਦੀ ਰਿਪੋਰਟ ਕਰੋ।

ਸ਼ੱਕੀ ਗਤੀਵਿਧੀ ਦੇ ਉਦਾਹਰਣ:

- ਅਣਜਾਣ ਵਾਹਨ, ਜੋ ਲੰਬੇ ਸਮੇਂ ਤੱਕ ਖੜੇ ਰਹਿੰਦੇ ਹਨ ਜਾਂ ਤੁਹਾਡੇ ਆਂਢ-ਗੁਆਂਢ ਵਿੱਚ ਲਗਾਤਾਰ ਘੁੰਮਦੇ ਰਹਿੰਦੇ ਹਨ।
- ਤੁਹਾਡੀ ਜਾਂ ਨੇੜਲੀ ਪ੍ਰਾਪਰਟੀਜ ਵਿੱਚ, ਖਾਸ ਕਰਕੇ ਦਰਵਾਜਿਆਂ ਜਾਂ ਖਿੜਕੀਆਂ ਦੇ ਨੇੜੇ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਅਣਜਾਣ ਵਿਅਕਤੀ।
- ਬਿਨਾਂ ਪਛਾਣ-ਪੱਤਰ ਦੇ ਘਰ-ਘਰ ਜਾਣ ਵਾਲੇ ਵਿਕਰੇਤਾ।
- ਅਣਜਾਣ ਵਿਅਕਤੀਆਂ ਦਾ ਗੁਆਂਢੀ ਦੇ ਘਰੋਂ ਸਮਾਨ ਲੈ ਕੇ ਜਾਣਾ।
- ਜ਼ੋਰ ਨਾਲ ਧਮਾਕੇ ਜਾਂ ਕੱਚ ਟੁੱਟਣ ਦੀ ਆਵਾਜ਼।
- ਚੀਕਾਂ ਜਾਂ ਮਦਦ ਲਈ ਬੁਲਾਉਣ ਦੀਆਂ ਆਵਾਜ਼ਾਂ।
- ਕਾਰ ਦੇ ਪੁਰਜ਼ਿਆਂ, ਗੈਸ ਟੈਂਕਾਂ ਜਾਂ ਲਾਇਸੈਂਸ ਪਲੇਟਾਂ ਨਾਲ ਛੇੜਛਾੜ।

ਕੀ ਕਰਨਾ ਹੈ:

- ਜੇ ਸੁਰੱਖਿਅਤ ਹੋਵੇ, ਤਾਂ ਲਾਇਸੈਂਸ ਪਲੇਟ ਨੰਬਰ ਜਾਂ ਵੇਰਵੇ ਲਿਖ ਲਵੋ।
- ਕਿਸੇ ਨਾਲ ਸਿੱਧਾ ਮੁਕਾਬਲਾ ਨਾ ਕਰੋ।
- ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰਨ ਲਈ ਪੀਲ ਰੀਜਨਲ ਪੁਲਿਸ (Peel Regional Police) ਦੀ ਗੈਰ-ਐਮਰਜੈਂਸੀ ਲਾਈਨ 905.453.3311 ‘ਤੇ ਕਾਲ ਕਰੋ।
- ਜਾਣਕਾਰੀ ਸਾਂਝੀ ਕਰਨ ਲਈ ਆਪਣੇ ਇਲਾਕੇ ਦਾ ਇੱਕ ਸੋਸ਼ਲ ਮੀਡੀਆ ਗਰੁੱਪ ਜਾਂ ਪੇਜ ਬਣਾਓ। ਜੇ ਤੁਸੀਂ ਇਲਾਕੇ ਦੇ ਸੋਸ਼ਲ ਮੀਡੀਆ ਗਰੁੱਪ ਬਣਾ ਰਹੇ ਹੋ ਜਾਂ ਉਹਨਾਂ ਵਿੱਚ ਸ਼ਾਮਲ ਹੋ ਰਹੇ ਹੋ, ਤਾਂ ਆਪਣੀ ਨਿੱਜਤਾ ਦਾ ਧਿਆਨ ਰੱਖੋ ਅਤੇ ਬਿਨਾਂ ਸਹਿਮਤੀ ਦੇ ਨਿੱਜੀ ਜਾਂ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਤੋਂ ਬਚੋ।

ਤੁਹਾਡੇ ਆਂਢ-ਗੁਆਂਢ ਬਾਰੇ ਤੁਹਾਡੇ ਤੋਂ ਵਧੀਆ ਕੋਈ ਨਹੀਂ ਜਾਣਦਾ। ਤੁਹਾਡੀ ਕਾਲ ਵਿੱਚ ਉਹ ਜਾਣਕਾਰੀ ਹੋ ਸਕਦੀ ਹੈ, ਜੋ ਕਿਸੇ ਅਪਰਾਧ ਨੂੰ ਰੋਕਣ ਜਾਂ ਹੱਲ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਜੇ ਸ਼ੱਕ ਹੋਵੇ, ਤਾਂ ਪੁਲਿਸ ਨੂੰ ਕਾਲ ਕਰੋ।

ਜੇ ਤੁਹਾਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਕਿ ਕਿਸੇ ਚਿੰਤਾ ‘ਤੇ ਪ੍ਰਤੀਕਿਰਿਆ ਕਿਵੇਂ ਕਰਨੀ ਹੈ ਜਾਂ ਲੋਕਲ ਸੁਰੱਖਿਆ ਦੇ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਕਈ ਤਰ੍ਹਾਂ ਦੀ ਸਹਾਇਤਾ ਉਪਲਬਧ ਹੈ। ਅਗਲਾ ਭਾਗ ਬ੍ਰੈਂਪਟਨ ਵਿੱਚ ਅਪਰਾਧ ਰੋਕਥਾਮ, ਸੁਰੱਖਿਆ ਸਬੰਧੀ ਸਿੱਖਿਆ ਅਤੇ ਕਮਿਊਨਿਟੀ ਸ਼ਮੂਲੀਅਤ ਵਿੱਚ ਵਸਨੀਕਾਂ ਦੀ ਸਹਾਇਤਾ ਲਈ ਉਪਲਬਧ ਕੁਝ ਵਸੀਲਿਆਂ ਦਾ ਸਾਰ ਦਿੰਦਾ ਹੈ।

ਕਮਿਊਨਿਟੀ ਵਸੀਲੇ

ਕ੍ਰਾਈਮ ਪ੍ਰੀਵੈਂਸ਼ਨ ਅਕੈਡਮੀ (Crime Prevention Academy)
ਕ੍ਰਾਈਮ ਪ੍ਰੀਵੈਂਸ਼ਨ ਅਕੈਡਮੀ ਪੀਲ ਰੀਜਨਲ ਪੁਲਿਸ ਵੱਲੋਂ ਦਿੱਤਾ ਜਾਣ ਵਾਲਾ ਇੱਕ ਪੰਜ-ਹਫ਼ਤਿਆਂ ਦਾ ਕੋਰਸ ਹੈ, ਜਿਸ ਨਾਲ ਵਸਨੀਕ, ਅਪਰਾਧ ਦੀ ਰੋਕਥਾਮ, ਵਾਹਨ ਦੀ ਸੁਰੱਖਿਆ, ਘਰ ਦੀ ਸੁਰੱਖਿਆ, ਨਿੱਜੀ ਸੁਰੱਖਿਆ ਅਤੇ ਧੋਖਾਧੜੀ ਦੀ ਰੋਕਥਾਮ ਦੀਆਂ ਬੁਨਿਆਦੀ ਗੱਲਾਂ ਜਾਣ ਸਕਦੇ ਹਨ। ਵਾਧੂ ਜਾਣਕਾਰੀ ਲਈ, www.peelpolice.ca ‘ਤੇ ਜਾਓ।

ਰਿਹਾਇਸ਼ੀ ਸੁਰੱਖਿਆ ਆਡਿਟ (Residential Security Audits)
ਪੀਲ ਰੀਜਨਲ ਪੁਲਿਸ ਰਾਹੀਂ ਰਿਹਾਇਸ਼ੀ ਸੁਰੱਖਿਆ ਆਡਿਟ ਉਪਲਬਧ ਹਨ। ਆਡਿਟ ਦਾ ਸਮਾਂ ਤੈਅ ਕਰਨ ਲਈ, ਆਪਣੀ ਲੋਕਲ ਕਮਿਊਨਿਟੀ ਲਾਇਜ਼ਨ ਅਫਸਰ (Community Liaison Officer) ਨਾਲ ਸੰਪਰਕ ਕਰੋ। ਇਸ ਬਾਰੇ ਵਧੇਰੇ ਜਾਣਕਾਰੀ ਲਈ, www.peelpolice.ca ‘ਤੇ ਜਾਓ।

ਟਰੇਸ ਪ੍ਰੋਗਰਾਮ (TRACE Program)
ਟਰੇਸ ਪ੍ਰੋਗਰਾਮ ਨੂੰ ਓਨਟੈਰੀਓ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ (ਓ.ਏ.ਸੀ.ਪੀ.) (Ontario Association of Chiefs of Police) (OACP) ਦੁਆਰਾ ਸਮਰਥਨ ਪ੍ਰਾਪਤ ਹੈ। ਵਿਅਕਤੀ ਆਪਣੀ ਪ੍ਰਾਪਰਟੀ ਨੂੰ ਚਿੰਨ੍ਹਿਤ ਕਰਨ ਲਈ ਲੋਕਲ ਰਿਟੇਲਰ ਤੋਂ ਜਾਂ ਔਨਲਾਈਨ ਟਰੇਸ (TRACE) ਪੈੱਨ ਖਰੀਦ ਸਕਦੇ ਹਨ।

ਨੇਬਰਹੁੱਡ ਟੂਲਸ (Neighbourhood Tools)
ਨੇਬਰਹੁੱਡ ਐਸੋਸੀਏਸ਼ਨਾਂ: ਨੇਬਰਹੁੱਡ ਐਸੋਸੀਏਸ਼ਨਾਂ, ਵਸਨੀਕਾਂ ਦੀ ਅਗਵਾਈ ਵਾਲੇ ਗਰੁੱਪ ਹਨ, ਜੋ ਆਪਣੀ ਕਮਿਊਨਿਟੀ ਨੂੰ ਬਿਹਤਰ ਬਣਾਉਣ ਲਈ ਲੋਕਾਂ ਨੂੰ ਇਕੱਠਾ ਕਰਦੇ ਹਨ। ਇੱਕ ਐਫਿਲਿਏਟੇਡ ਨੇਬਰਹੁੱਡ ਐਸੋਸੀਏਸ਼ਨ ਬਣ ਕੇ, ਤੁਹਾਡਾ ਗਰੁੱਪ ਬ੍ਰੈਂਪਟਨ ਸ਼ਹਿਰ ਵੱਲੋਂ ਸਹਾਇਤਾ ਤੱਕ ਪਹੁੰਚ ਪ੍ਰਾਪਤ ਕਰ ਸਕਦਾ ਹੈ।

ਨੇਬਰਹੁੱਡ ਸੇਫਟੀ ਆਡਿਟ (Neighbourhood Safety Audits): ਨੇਬਰਹੁੱਡ ਆਡਿਟ ਵਸਨੀਕਾਂ ਲਈ ਆਪਣੀ ਕਮਿਊਨਿਟੀ ਦੇ ਵੱਖ-ਵੱਖ ਪਹਿਲੂਆਂ ਅਤੇ ਇਲਾਕੇ ਦੀ ਸਮੁੱਚੀ ਸੁੰਦਰਤਾ ਅਤੇ ਮਹੌਲ ਦੀ ਪੜਚੋਲ ਅਤੇ ਮੁਆਇਨਾ ਕਰਨ ਦਾ ਇੱਕ ਤਰੀਕਾ ਹਨ। ਸੁਰੱਖਿਆ ਆਡਿਟ, ਲੋਕਲ ਚੁਣੌਤੀਆਂ ਅਤੇ ਮੌਕਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਦੇ ਹਨ ਅਤੇ ਕਮਿਊਨਿਟੀ ਦੀ ਅਗਵਾਈ ਵਾਲੇ ਹੱਲਾਂ ਲਈ ਨਵੇਂ ਵਿਚਾਰ ਪੈਦਾ ਕਰਦੇ ਹਨ। ਆਡਿਟ ਵਿੱਚ ਭਾਗ ਲੈਣਾ ਵੱਖ-ਵੱਖ ਵਿਚਾਰਾਂ ਨੂੰ ਇੱਕ ਥਾਂ ‘ਤੇ ਇਕੱਠਾ ਕਰਦਾ ਹੈ ਅਤੇ ਤੁਹਾਡੇ ਆਂਢ-ਗੁਆਂਢ ਵਿੱਚ ਮਾਲਕੀ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ।

ਐਸੇਟ ਮੈਪਿੰਗ (Asset Mapping) (ਜੀਓਹੱਬ ਨੇਬਰਹੁੱਡ ਪ੍ਰੋਫਾਈਲਸ): 2023 ਵਿੱਚ ਸ਼ੁਰੂ ਕੀਤੀ ਗਈ, ਬ੍ਰੈਂਪਟਨ ਦੀ ਜੀਓਹੱਬ ਨੇਬਰਹੁੱਡ ਪ੍ਰੋਫਾਈਲਸ (GeoHub Neighbourhood Profiles), ਇੱਕ ਔਨਲਾਈਨ ਟੂਲ ਹੈ, ਜੋ ਵਸਨੀਕਾਂ ਨੂੰ ਆਪਣੇ ਆਂਢ-ਗੁਆਂਢ ਦੀਆਂ ਬੇਜੋੜ ਵਿਸ਼ੇਸ਼ਤਾਵਾਂ ਅਤੇ ਤਾਕਤਾਂ ਦੀ ਪੜਚੋਲ ਕਰਨ ਦਿੰਦਾ ਹੈ। ਤੁਸੀਂ ਲੋਕਲ ਪਾਰਕ, ਸਕੂਲ, ਕਮਿਊਨਿਟੀ ਥਾਵਾਂ ਅਤੇ ਹੋਰ ਬਹੁਤ ਕੁਝ, ਸਭ ਇੱਕੋ ਥਾਂ ‘ਤੇ ਲੱਭ ਸਕਦੇ ਹੋ। ਐਸੇਟ ਮੈਪਿੰਗ ਲੋਕਾਂ ਨੂੰ ਆਪਣੇ ਆਲੇ-ਦੁਆਲੇ ਉਪਲਬਧ ਵਸੀਲਿਆਂ ਬਾਰੇ ਜਾਣਨ ਅਤੇ ਸੁਰੱਖਿਆ ਅਤੇ ਭਲਾਈ ਨੂੰ ਬਿਹਤਰ ਬਣਾਉਣ ਵਿੱਚ ਸ਼ਾਮਲ ਹੋਣ ਦੇ ਤਰੀਕੇ ਲੱਭਣ ਵਿੱਚ ਮਦਦ ਕਰਦੀ ਹੈ।

ਇਹਨਾਂ ਪਹਿਲਕਦਮੀਆਂ ਬਾਰੇ ਹੋਰ ਜਾਣਕਾਰੀ ਲਈ, brampton.ca/communitysafety ‘ਤੇ ਜਾਓ।

ਰਿਪੋਰਟਿੰਗ
ਪੀਲ ਰੀਜਨਲ ਪੁਲਿਸ ਦੀ ਗੈਰ-ਐਮਰਜੈਂਸੀ ਲਾਈਨ (905.453.3311): ਇਸ ਨੰਬਰ ਦੀ ਵਰਤੋਂ ਉਹਨਾਂ ਗੈਰ-ਤਤਕਾਲੀ ਮੁੱਦਿਆਂ ਦੀ ਰਿਪੋਰਟ ਕਰਨ ਲਈ ਕਰੋ, ਜਿਨ੍ਹਾਂ ਲਈ ਫਿਰ ਵੀ ਪੁਲਿਸ ਫਾੱਲੋ-ਅੱਪ ਦੀ ਲੋੜ ਪੈ ਸਕਦੀ ਹੈ.

311 ‘ਤੇ ਕਾਲ ਕਰੋ ਜਾਂ ਸੰਪਰਕ ਕਰੋ: ਗੈਰ-ਪੁਲਿਸ ਸਬੰਧੀ ਉਨ੍ਹਾਂ ਮੁੱਦਿਆਂ ਦੀ ਰਿਪੋਰਟ ਕਰਨ ਲਈ, 311 ‘ਤੇ ਕਾਲ ਕਰੋ, ਜੋ ਆਂਢ-ਗੁਆਂਢ ਦੀ ਸੁਰੱਖਿਆ ਜਾਂ ਸੰਭਾਲ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਵੇਂ ਕਿ ਟੁੱਟੀਆਂ ਹੋਈਆਂ ਸਟ੍ਰੀਟਲਾਈਟਾਂ ਜਾਂ ਟ੍ਰੈਫਿਕ ਸਿਗਨਲ, ਖਰਾਬ ਹੋਏ ਜਾਂ ਗਾਇਬ ਸਾਈਨ ਬੋਰਡ, ਕੂੜਾ-ਕਰਕਟ ਜਾਂ ਗੈਰਕਾਨੂੰਨੀ ਡੰਪਿੰਗ ਅਤੇ ਅਸੁਰੱਖਿਅਤ ਫੁੱਟਪਾਥ, ਪਾਰਕ ਜਾਂ ਪਬਲਿਕ ਥਾਵਾਂ।

ਐਮਰਜੈਂਸੀ ਸਥਿਤੀਆਂ
ਜੇ ਕੋਈ ਅਪਰਾਧ ਹੋ ਰਿਹਾ ਹੋਵੇ ਜਾਂ ਵਿਅਕਤੀਆਂ ਜਾਂ ਪ੍ਰਾਪਰਟੀ ਦੀ ਸੁਰੱਖਿਆ ਲਈ ਤੁਰੰਤ ਖਤਰਾ ਹੋਵੇ, ਤਾਂ 911 ‘ਤੇ ਕਾਲ ਕਰੋ। ਜੇ ਤੁਸੀਂ ਆਪਣੇ ਘਰ ਜਾਂ ਪ੍ਰਾਪਰਟੀ ਵਿਖੇ ਪਹੁੰਚੋ ਅਤੇ ਤੁਹਾਨੂੰ ਸ਼ੱਕ ਹੈ ਕਿ ਕੋਈ ਅਪਰਾਧੀ ਅੰਦਰ ਆਇਆ ਹੈ, ਤਾਂ ਆਪਣੇ ਘਰ ਵਿੱਚ ਦਾਖਲ ਨਾ ਹੋਵੋ ਕਿਉਂਕਿ ਅਪਰਾਧੀ ਅਜੇ ਵੀ ਅੰਦਰ ਹੋ ਸਕਦਾ ਹੈ। ਬਾਹਰ ਹੀ ਰਹੋ ਅਤੇ ਤੁਰੰਤ 911 ‘ਤੇ ਕਾਲ ਕਰੋ।

ਜਦੋਂ ਵਸਨੀਕ ਘਰ ਨਹੀਂ ਹੁੰਦੇ ਹਨ, ਤਾਂ ਘਰ ਵਿੱਚ ਘੁਸਪੈਠ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਕੋਈ ਦਰਵਾਜਾ ਖੜਕਾਵੇ ਅਤੇ ਤੁਸੀਂ ਉਸ ਵਿਅਕਤੀ ਨੂੰ ਪਛਾਣਦੇ ਨਹੀਂ ਹੋ, ਤਾਂ ਤਾਲਾ ਲੱਗੇ ਦਰਵਾਜੇ ਰਾਹੀਂ ਹੀ ਉਸ ਨਾਲ ਗੱਲ ਕਰੋ। ਜੇ ਤੁਸੀਂ ਦਰਵਾਜ਼ੇ ‘ਤੇ ਕੈਮਰਾ ਲਗਾਇਆ ਹੈ, ਤਾਂ ਇਹ ਨਾ ਕਹੋ ਕਿ ਤੁਸੀਂ ਘਰ ਨਹੀਂ ਹੋ।

ਕ੍ਰਾਈਮ ਸਟੌਪਰਜ਼ (Crime Stoppers)
ਕ੍ਰਾਈਮ ਸਟੌਪਰਜ਼ ਪਬਲਿਕ, ਪੁਲਿਸ ਅਤੇ ਮੀਡੀਆ ਵਿਚਕਾਰ ਇੱਕ ਸਾਂਝੇਦਾਰੀ ਹੈ, ਜੋ ਕਮਿਊਨਿਟੀ ਨੂੰ ਅਪਰਾਧਾਂ ਨੂੰ ਹੱਲ ਕਰਨ ਵਿੱਚ ਗੁਮਨਾਮ ਤੌਰ ‘ਤੇ ਸਹਾਇਤਾ ਕਰਨ ਲਈ ਇੱਕ ਸਰਗਰਮ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਕ੍ਰਾਈਮ ਸਟੌਪਰਜ਼ ਨਾਗਰਿਕਾਂ ਲਈ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸਾਂਝਾ ਕਰਨ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਹੈ। ਦਿਨ ਜਾਂ ਰਾਤ ਕਿਸੇ ਵੀ ਸਮੇਂ 1.800.222.TIPS (8477) ‘ਤੇ ਕਾਲ ਕਰੋ, ਜਾਂ www.peelcrimestoppers.ca ‘ਤੇ ਔਨਲਾਈਨ ਸੂਚਨਾ ਦਿਓ। ਹਾਲਾਂਕਿ ਸੂਚਨਾਵਾਂ ਗੁਮਨਾਮ ਤੌਰ ‘ਤੇ ਸਵੀਕਾਰ ਕੀਤੀਆਂ ਜਾਂਦੀਆਂ ਹਨ, ਕਿਰਪਾ ਕਰਕੇ ਧਿਆਨ ਦਿਓ ਕਿ ਕੁਝ ਕਾਨੂੰਨੀ ਸਥਿਤੀਆਂ ਵਿੱਚ, ਕਾਨੂੰਨ ਦੇ ਤਹਿਤ ਗੁਮਨਾਮੀ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ।

ਜਦੋਂ ਤੁਹਾਡੇ ਕੋਲ ਸਹੀ ਸਾਧਨ ਮੌਜੂਦ ਹੁੰਦੇ ਹਨ ਤਾਂ ਕਾਰਵਾਈ ਕਰਨਾ ਸੌਖਾ ਹੋ ਜਾਂਦਾ ਹੈ। ਘਰ ਵਿਖੇ ਅਤੇ ਤੁਹਾਡੇ ਗੁਆਂਢ ਵਿੱਚ ਤੁਹਾਡੇ ਯਤਨਾਂ ਦਾ ਸਮਰਥਨ ਕਰਨ ਲਈ, ਹੇਠਾਂ ਦਿੱਤੀਆਂ ਅੰਤਿਕਾਵਾਂ ਵਿੱਚ ਛਾਪਣਯੋਗ ਚੈੱਕਲਿਸਟਾਂ ਅਤੇ ਵਸੀਲੇ ਸ਼ਾਮਲ ਹਨ, ਜਿਨ੍ਹਾਂ ਦੀ ਵਰਤੋਂ ਤੁਸੀਂ ਸਾਲ ਭਰ ਕਰ ਸਕਦੇ ਹੋ।

ਇਹ ਸਾਧਨ ਤੁਹਾਨੂੰ ਵਿਵਸਥਿਤ ਰਹਿਣ, ਤੁਹਾਡੀ ਪ੍ਰਾਪਰਟੀ ਦੇ ਆਲੇ-ਦੁਆਲੇ ਸੁਰੱਖਿਆ ਦੀ ਨਿਗਰਾਨੀ ਕਰਨ ਅਤੇ ਤੁਹਾਡੇ ਆਲੇ-ਦੁਆਲੇ ਵਾਲਿਆਂ ਨਾਲ ਮਜ਼ਬੂਤ ਸੰਬੰਧ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ।

ਬ੍ਰੈਂਪਟਨ ਸ਼ਹਿਰ ਇਸ ਗਾਈਡ ਵਿੱਚ ਸੂਚੀਬੱਧ ਕਿਸੇ ਵੀ ਵਿਸ਼ੇਸ਼ ਕਮਿਊਨਿਟੀ ਪ੍ਰੋਗਰਾਮਾਂ ਜਾਂ ਸੇਵਾਵਾਂ ਦਾ ਸਮਰਥਨ ਨਹੀਂ ਕਰਦਾ ਅਤੇ ਨਾ ਹੀ ਉਹਨਾਂ ਲਈ ਜ਼ਿੰਮੇਵਾਰੀ ਲੈਂਦਾ ਹੈ। ਕਿਰਪਾ ਕਰਕੇ ਸਾਰੇ ਪ੍ਰੋਗਰਾਮਾਂ ਦਾ ਆਪਣੇ ਆਪ ਮੁਆਇਨਾ ਕਰੋ ਅਤੇ ਇਹ ਯਕੀਨੀ ਬਣਾਓ ਕਿ ਉਹ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੇ ਹਨ।

ਰੋਜ਼ਾਨਾ, ਹਫ਼ਤਾਵਾਰੀ ਅਤੇ ਸੀਜਨਲ ਘਰੇਲੂ ਸੁਰੱਖਿਆ ਸਬੰਧੀ ਰਿਮਾਈਂਡਰ
ਆਪਣੇ ਘਰ ਦੀ ਸੁਰੱਖਿਆ ਦੀਆਂ ਰੁਟੀਨਾਂ ਨੂੰ ਠੀਕ ਰੱਖਣ ਲਈ ਇਸ ਚੈੱਕਲਿਸਟ ਦੀ ਵਰਤੋਂ ਕਰੋ। ਇਸਨੂੰ ਪ੍ਰਿੰਟ ਕਰੋ ਅਤੇ ਆਪਣੇ ਘਰ ਵਿੱਚ ਕਿਸੇ ਦਿੱਸਣਯੋਗ ਥਾਂ ‘ਤੇ ਲਗਾਓ।

ਰੋਜ਼ਾਨਾ ਰਿਮਾਈਂਡਰ:
- ਸਾਰੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰੋ, ਭਾਵੇਂ ਤੁਸੀਂ ਘਰ ਵਿੱਚ ਹੀ ਹੋ।
- ਸ਼ਾਮ ਨੂੰ ਬਾਹਰ ਦੀਆਂ ਲਾਈਟਾਂ ਜਲਾਓ ਜਾਂ ਆਟੋਮੈਟਿਕ ਟਾਈਮਰ ਵਰਤੋ।
- ਦਾਖਲ ਹੋਣ ਵਾਲੇ ਰਸਤੇ ਅਤੇ ਚੱਲਣ ਵਾਲੇ ਰਸਤੇ ਸਾਫ਼ ਰੱਖੋ।
- ਪੈਕੇਜ, ਟੂਲਸ ਅਤੇ ਕੀਮਤੀ ਵਸਤਾਂ ਨਜ਼ਰਾਂ ਤੋਂ ਦੂਰ ਰੱਖੋ।
- ਕਿਸੇ ਵੀ ਡਿਲੀਵਰੀਜ ਜਾਂ ਪੈਕੇਜਾਂ ਨੂੰ ਤੁਰੰਤ ਹਟਾ ਲਵੋ।
- ਆਪਣੀ ਪ੍ਰਾਪਰਟੀ ਦੇ ਆਲੇ-ਦੁਆਲੇ ਦੇਖੋ ਕਿ ਕੋਈ ਅਸਧਾਰਣ ਚੀਜ਼ ਤਾਂ ਨਹੀਂ ਹੈ।

ਆਮ ਰਿਮਾਈਂਡਰ:
- ਦਰਵਾਜ਼ੇ ਅਤੇ ਖਿੜਕੀ ਦੇ ਤਾਲਿਆਂ ਨੂੰ ਟੈਸਟ ਕਰੋ।
- ਬਾਹਰ ਦੀਆਂ ਲਾਈਟਾਂ ਚੈੱਕ ਕਰੋ ਅਤੇ ਜੇ ਲੋੜ ਹੋਵੇ ਤਾਂ ਬਲਬ ਬਦਲੋ।
- ਬਹੁਤ ਵਧੇ ਹੋਏ ਬੂਟੇ ਜਾਂ ਥੱਲੇ ਲਟਕਦੀਆਂ ਟਾਹਣੀਆਂ ਨੂੰ ਕੱਟੋ।
- ਆਪਣੀ ਐਮਰਜੈਂਸੀ ਸੰਪਰਕ ਸੂਚੀ ਦੀ ਸਮੀਖਿਆ ਕਰੋ।
- ਆਪਣੇ ਘਰ ਦੇ ਆਲੇ-ਦੁਆਲੇ ਘੁੰਮੋ ਅਤੇ ਕਿਸੇ ਵੀ ਸੁਰੱਖਿਆ ਸੰਬੰਧੀ ਸਮੱਸਿਆਵਾਂ ਨੂੰ ਨੋਟ ਕਰੋ।

ਸੀਜਨਲ ਰਿਮਾਈਂਡਰ:
ਆਪਣੇ ਸੁਰੱਖਿਆ ਅਭਿਆਸਾਂ ਨੂੰ ਸਾਲ ਭਰ, ਇਹਨਾਂ ਸੀਜਨਲ ਰਿਮਾਈਂਡਰਾਂ ਨਾਲ ਅਨੁਕੂਲ ਬਣਾਓ:

ਬਸੰਤ
- ਬਚਿਆ ਹੋਇਆ ਮਲਬਾ ਸਾਫ਼ ਕਰੋ ਅਤੇ ਦੇਖੋ ਕਿ ਵਾੜਾਂ ਜਾਂ ਦਰਵਾਜਿਆਂ ਨੂੰ ਨੁਕਸਾਨ ਤਾਂ ਨਹੀਂ ਪਹੁੰਚਿਆ ਹੈ।
- ਲਾਈਟਿੰਗ ਫਿਕਸਚਰਾਂ ਨੂੰ ਰਿਫਰੈਸ਼ ਕਰੋ ਅਤੇ ਦਰੱਖਤਾਂ ਅਤੇ ਬੂਟਿਆਂ ਤੋਂ ਨਵੀਂਆਂ ਉੱਗੀਆਂ ਹੋਈਆਂ ਟਾਹਣੀਆਂ ਨੂੰ ਕੱਟੋ।
- ਸਰਦੀਆਂ ਦੇ ਮੌਸਮ ਤੋਂ ਬਾਅਦ ਆਪਣੇ ਘਰ ਦੇ ਸੁਰੱਖਿਆ ਉਪਾਵਾਂ ਦੀ ਸਮੀਖਿਆ ਕਰੋ।

ਗਰਮੀਆਂ
- ਹਵਾ ਆਉਣ ਦੇਣ ਲਈ ਖੁੱਲ੍ਹੀਆਂ ਹੋਣ ਵੇਲੇ ਖਿੜਕੀਆਂ ਨੂੰ ਸੁਰੱਖਿਅਤ ਰੱਖੋ।
- ਸਾਫ ਦਿੱਸਣ ਲਈ ਲੈਂਡਸਕੇਪਿੰਗ ਦਾ ਨਿਯਮਤ ਤੌਰ ‘ਤੇ ਰੱਖ-ਰਖਾਅ ਕਰੋ।
- ਛੁੱਟੀਆਂ ਦੇ ਦੌਰਾਨ ਸਾਵਧਾਨ ਰਹੋ, ਟਾਈਮਰ ਵਰਤਣ ਜਾਂ ਕਿਸੇ ਗੁਆਂਢੀ ਨੂੰ ਤੁਹਾਡੇ ਘਰ ਦੀ ਨਿਗਰਾਨੀ ਕਰਨ ਲਈ ਕਹਿਣ ਬਾਰੇ ਸੋਚੋ।

ਪਤਝੜ
- ਪੱਤੇ ਇਕੱਠੇ ਕਰੋ, ਤਾਂ ਜੋ ਰਸਤਿਆਂ ਵਿੱਚ ਰੁਕਾਵਟ ਨਾ ਆਵੇ ਜਾਂ ਲੁਕਣ ਵਾਲੀਆਂ ਥਾਵਾਂ ਨਾ ਬਣਨ।
- ਸ਼ਾਮ ਜਾਂ ਹਨੇਰਾ ਹੁੰਦੇ ਹੀ, ਲਾਈਟਿੰਗ ਚੈੱਕ ਕਰੋ।
- ਸਰਦੀਆਂ ਦੀ ਤਿਆਰੀ ਵਜੋਂ ਤਾਲਿਆਂ, ਗਟਰਾਂ ਅਤੇ ਕੈਮਰਿਆਂ ਦਾ ਮੁਆਇਨਾ ਕਰੋ।

ਸਰਦੀਆਂ
- ਚੱਲਣ ਵਾਲੇ ਰਸਤੇ, ਦਾਖਲ ਹੋਣ ਵਾਲੇ ਰਸਤੇ ਅਤੇ ਘਰ ਦੇ ਨੰਬਰਾਂ ਤੋਂ ਬਰਫ ਸਾਫ ਕਰਦੇ ਰਹੋ।
- ਯਕੀਨੀ ਬਣਾਓ ਕਿ ਲਾਈਟਾਂ, ਬਰਫ਼ ਜਾਂ ਬਰਫ਼ ਦੇ ਟੁਕੜਿਆਂ ਨਾਲ ਢਕੀਆਂ ਨਾ ਹੋਣ।
- ਐਮਰਜੈਂਸੀ ਸਪਲਾਈ ਅਤੇ ਸੰਪਰਕ ਨੰਬਰਾਂ ਨੂੰ ਅੱਪ-ਟੂ-ਡੇਟ ਰੱਖੋ।
- ਜੇ ਤੁਸੀਂ ਛੁੱਟੀਆਂ ਦੌਰਾਨ ਘਰ ਵਿੱਚ ਨਹੀਂ ਹੋਵੋਗੇ, ਤਾਂ ਆਪਣੇ ਗੁਆਂਢੀਆਂ ਨੂੰ ਕਹੋ ਕਿ ਉਦੋਂ ਉਹ ਤੁਹਾਡੀ ਡਾਕ ਲੈ ਕੇ ਰੱਖ ਲੈਣ।

ਸੀ.ਪੀ.ਟੀ.ਈ.ਡੀ. (CPTED) ਘਰੇਲੂ ਆਡਿਟ ਚੈੱਕਲਿਸਟ

ਪ੍ਰਾਪਰਟੀ ਨਾਲ ਸਬੰਧਤ ਅਪਰਾਧ ਅਕਸਰ ਮੌਕੇ ਦੇ ਅਪਰਾਧ ਹੁੰਦੇ ਹਨ। ਕ੍ਰਾਈਮ ਪ੍ਰੀਵੈਂਸ਼ਨ ਥ੍ਰੂ ਐਨਵਾਇਰਨਮੈਂਟਲ ਡਿਜ਼ਾਈਨ (ਸੀ.ਪੀ.ਟੀ.ਈ.ਡੀ.) (Crime Prevention Through Environmental Design) (CPTED) ਇੱਕ ਪ੍ਰਮਾਣਿਤ ਤਰੀਕਾ ਹੈ, ਜੋ ਭੌਤਿਕ ਵਾਤਾਵਰਣ ਵਿੱਚ ਤਬਦੀਲੀਆਂ ਕਰਕੇ ਅਤੇ ਕਮਿਊਨਿਟੀ ਰਿਸ਼ਤਿਆਂ ਨੂੰ ਮਜ਼ਬੂਤ ਕਰਕੇ, ਅਪਰਾਧ ਅਤੇ ਅਪਰਾਧ ਦੇ ਡਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

ਇਹ ਸਵੈ-ਆਡਿਟ ਚੈੱਕਲਿਸਟ, ਸਮੀਖਿਆ ਲਈ ਮੁੱਖ ਖੇਤਰਾਂ ਨੂੰ ਉਜਾਗਰ ਕਰਕੇ, ਤੁਹਾਡੀ ਪ੍ਰਾਪਰਟੀ ਦੀ ਸੁਰੱਖਿਆ ਅਤੇ ਸਲਾਮਤੀ ਦਾ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਦੀ ਹੈ। ਸੰਭਾਵੀ ਖਤਰਿਆਂ ਦੀ ਪਛਾਣ ਕਰਕੇ ਅਤੇ ਛੋਟੇ-ਮੋਟੇ ਸੁਧਾਰ ਕਰਕੇ, ਤੁਸੀਂ ਆਪਣੇ ਘਰ ਦੀ ਸੁਰੱਖਿਆ ਨੂੰ ਵਧਾ ਸਕਦੇ ਹੋ ਅਤੇ ਇੱਕ ਸੁਰੱਖਿਅਤ, ਵਧੇਰੇ ਸਥਿਰ ਗੁਆਂਢ ਵਿੱਚ ਯੋਗਦਾਨ ਪਾ ਸਕਦੇ ਹੋ।

ਦੇਖੋ ਅਤੇ ਦਿਖਾਈ ਦਿਓ	**ਹਾਂ**	**ਨਹੀਂ**	**ਲਾਗੂ ਨਹੀਂ**
ਦਰੱਖਤਾਂ ਅਤੇ ਝਾੜੀਆਂ ਨੂੰ ਇਸ ਤਰ੍ਹਾਂ ਕੱਟਿਆ ਗਿਆ ਹੈ ਕਿ ਖਿੜਕੀਆਂ ਜਾਂ ਦਾਖਲ ਹੋਣ ਵਾਲੀਆਂ ਥਾਵਾਂ ਦੇ ਨੇੜੇ ਕਿਸੇ ਦੇ ਲੁਕਣ ਲਈ ਕੋਈ ਥਾਂ ਨਾ ਰਹੇ।			
ਬਾਹਰੀ ਖੇਤਰਾਂ (ਯਾਰਡ, ਡਰਾਈਵਵੇ, ਦਾਖਲ ਹੋਣ ਵਾਲੇ ਰਸਤੇ) ਵਿੱਚ ਰਾਤ ਨੂੰ ਚੰਗੀ ਤਰ੍ਹਾਂ ਰੌਸ਼ਨੀ ਹੁੰਦੀ ਹੈ।			
ਸਾਰੇ ਬਾਹਰੀ ਦਰਵਾਜ਼ਿਆਂ ਦੇ ਉੱਪਰ ਜਾਂ ਨੇੜੇ ਠੀਕ ਤਰ੍ਹਾਂ ਨਾਲ ਕੰਮ ਕਰਨ ਵਾਲੀਆਂ ਲਾਈਟਾਂ ਹਨ।			
ਬਾਹਰ ਦੀਆਂ ਲਾਈਟਾਂ ਸ਼ਾਮ ਵੇਲੇ ਜਗਦੀਆਂ ਹਨ, ਭਾਵੇਂ ਘਰ ਵਿੱਚ ਕੋਈ ਨਾ ਹੋਵੇ।			
ਲਾਈਟਾਂ, ਸੂਰਜ ਡੁੱਬਣ 'ਤੇ ਆਪਣੇ ਆਪ ਚਾਲੂ ਹੋਣ ਲਈ ਸੈੱਟ ਕੀਤੀਆਂ ਗਈਆਂ ਹਨ ਜਾਂ ਟਾਈਮਰ/ਮੋਸ਼ਨ ਸੈਂਸਰ ਵਰਤੇ ਜਾਂਦੇ ਹਨ।			
ਘਰ ਜਾਂ ਯੂਨਿਟ ਦਾ ਨੰਬਰ ਸਟ੍ਰੀਟ ਤੋਂ ਸਪਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ।			

ਸਾਫ਼ ਰਸਤੇ ਅਤੇ ਸੀਮਾਵਾਂ	**ਹਾਂ**	**ਨਹੀਂ**	**ਲਾਗੂ ਨਹੀਂ**
ਸਟ੍ਰੀਟ ਜਾਂ ਨੇੜਲੇ ਘਰਾਂ ਤੋਂ ਸਾਰੇ ਦਰਵਾਜੇ ਅਤੇ ਖਿੜਕੀਆਂ ਸਪਸ਼ਟ ਦਿੱਸਦੀਆਂ ਹਨ।			
ਦਾਖਲ ਹੋਣ ਵਾਲੇ ਰਸਤੇ ਠੀਕ ਤਰ੍ਹਾਂ ਨਾਲ ਕੰਮ ਕਰਨ ਵਾਲੇ ਤਾਲਿਆਂ ਨਾਲ ਸੁਰੱਖਿਅਤ ਕੀਤੇ ਗਏ ਹਨ।			
ਜਦੋਂ ਵਰਤੋਂ ਵਿੱਚ ਨਹੀਂ ਹੁੰਦੇ, ਤਾਂ ਗੇਟਾਂ ਅਤੇ ਸ਼ੈੱਡਾਂ ਨੂੰ ਤਾਲਾ ਲਗਾ ਕੇ ਰੱਖਿਆ ਜਾਂਦਾ ਹੈ।			
ਸਲਾਈਡਿੰਗ ਦਰਵਾਜ਼ੇ ਸੁਰੱਖਿਅਤ ਹਨ ਅਤੇ ਉਨ੍ਹਾਂ ਉੱਤੇ ਠੀਕ ਤਰ੍ਹਾਂ ਨਾਲ ਕੰਮ ਕਰਨ ਵਾਲੇ ਤਾਲੇ ਜਾਂ ਵਾਧੂ ਬਾਰਸ ਹਨ।			

ਦਿਖਾਓ ਕਿ ਤੁਸੀਂ ਪਰਵਾਹ ਕਰਦੇ ਹੋ	**ਹਾਂ**	**ਨਹੀਂ**	**ਲਾਗੂ ਨਹੀਂ**
ਮੇਰੀ ਪ੍ਰਾਪਰਟੀ ਵੱਸਦੀ ਹੋਈ ਅਤੇ ਚੰਗੀ ਤਰ੍ਹਾਂ ਸੰਭਾਲ ਵਾਲੀ ਲੱਗਦੀ ਹੈ।			
ਬਾਹਰੀ ਖੇਤਰ ਸਾਫ-ਸੁਥਰੇ ਹਨ ਅਤੇ ਉੱਥੇ ਮਲਬਾ ਜਾਂ ਬੇਕਾਰ ਸਮਾਨ ਨਹੀਂ ਰੱਖਿਆ ਹੋਇਆ ਹੈ।			
ਵਾੜਾਂ, ਦਰਵਾਜ਼ੇ ਅਤੇ ਰਸਤੇ ਚੰਗੀ ਹਾਲਤ ਵਿੱਚ ਹਨ।			
ਸੁਰੱਖਿਆ ਦੇ ਸਾਈਨ (ਜਿਵੇਂ ਕਿ "ਸੀ.ਸੀ.ਟੀ.ਵੀ. (CCTV) ਵਰਤੋਂ ਵਿੱਚ") ਦਿਖਾਈ ਦਿੰਦੇ ਹਨ।			

ਆਪਣੀ ਪ੍ਰਾਪਰਟੀ ਨੂੰ ਸੁਰੱਖਿਅਤ ਕਰੋ	**ਹਾਂ**	**ਨਹੀਂ**	**ਲਾਗੂ ਨਹੀਂ**
ਮੇਰੀ ਪ੍ਰਾਪਰਟੀ ਵਿੱਚ ਅਲਾਰਮ ਸਿਸਟਮ ਹੈ।			
ਵਾਹਨਾਂ ਨੂੰ ਤਾਲਾ ਲੱਗਿਆ ਹੋਇਆ ਹੈ ਅਤੇ ਉਹਨਾਂ ਵਿੱਚ ਕੀਮਤੀ ਚੀਜ਼ਾਂ ਨਹੀਂ ਹਨ (ਭਾਵੇਂ ਗੈਰਾਜ ਵਿੱਚ ਪਾਰਕ ਕੀਤੇ ਗਏ ਹੋਣ)।			
ਕੀਮਤੀ ਚੀਜ਼ਾਂ ਦਰਵਾਜ਼ਿਆਂ ਅਤੇ ਖਿੜਕੀਆਂ ਤੋਂ ਦੂਰ ਰੱਖੀਆਂ ਜਾਂਦੀਆਂ ਹਨ।			

ਜੁੜੇ ਰਹੋ	**ਹਾਂ**	**ਨਹੀਂ**	**ਲਾਗੂ ਨਹੀਂ**
ਮੈਂ ਆਪਣੇ ਗੁਆਂਢੀਆਂ ਨੂੰ ਜਾਣਦਾ ਹਾਂ ਅਤੇ ਉਨ੍ਹਾਂ ਨਾਲ ਨਿਯਮਤ ਤੌਰ 'ਤੇ ਗੱਲ ਕਰਦਾ ਹਾਂ।			
ਮੈਂ ਇੱਕ ਨੇਬਰਹੁੱਡ ਐਸੋਸੀਏਸ਼ਨ, ਨੈੱਟਵਰਕ ਜਾਂ ਸੰਪਰਕ ਸੂਚੀ ਦਾ ਹਿੱਸਾ ਹਾਂ।			

ਨੋਟਸ:

ਅਸੀਂ ਤੁਹਾਡੇ ਸੁਝਾਅ ਸੁਣਨਾ ਚਾਹੁੰਦੇ ਹਾਂ!
ਇਸ ਚੈੱਕਲਿਸਟ ਨੂੰ ਲਾਗੂ ਕਰਨ ਵਿੱਚ ਸਹਾਇਤਾ ਲਈ ਜਾਂ ਨਤੀਜਿਆਂ ਜਾਂ ਅਗਲੇ ਕਦਮਾਂ ‘ਤੇ ਚਰਚਾ ਕਰਨ ਲਈ, ਅਸੀਂ ਤੁਹਾਨੂੰ ਆਪਣੀ ਕਮਿਊਨਿਟੀ ਸੁਰੱਖਿਆ ਕੋਆਰਡੀਨੇਟਰ ਨਾਲ, CSWO@brampton.ca ‘ਤੇ ਸੰਪਰਕ ਕਰਨ ਜਾਂ brampton.ca/communitysafety ‘ਤੇ ਇੱਕ ਵਰਚੁਅਲ ਮੀਟਿੰਗ ਬੁੱਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਲੋਕਲ ਪੁਲਿਸ ਨਾਲ ਸੰਪਰਕ ਕਰਨ ਲਈ ਜਾਂ ਗੈਰ-ਐਮਰਜੈਂਸੀ ਪੁਲਿਸ ਸਹਾਇਤਾ ਲਈ, 905.453.3311 ‘ਤੇ ਕਾਲ ਕਰੋ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ 911 ‘ਤੇ ਕਾਲ ਕਰੋ।

ਬੇਦਾਅਵਾ: ਇਸ ਗਾਈਡ ਵਿੱਚ ਦਿੱਤੇ ਗਏ ਸੁਝਾਅ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹਨ ਅਤੇ ਇਹ ਕਾਨੂੰਨੀ ਸਲਾਹ ਨਹੀਂ ਮੰਨੇ ਜਾਂਦੇ ਹਨ। ਬ੍ਰੈਂਪਟਨ ਸ਼ਹਿਰ ਦੀ ਕਾਰਪੋਰੇਸ਼ਨ ਅਤੇ ਇਸਦੇ ਭਾਈਵਾਲ, ਇਸ ਗਾਈਡ ਵਿੱਚ ਦਿੱਤੇ ਗਏ ਸੁਝਾਵਾਂ ਦੀ ਵਰਤੋਂ ਨਾਲ ਹੋਣ ਵਾਲੇ ਕਿਸੇ ਵੀ ਨੁਕਸਾਨ ਜਾਂ ਘਾਟੇ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ।

ਆਪਣੇ ਗੁਆਂਢੀਆਂ ਨਾਲ ਜੁੜੇ ਰਹਿਣ ਲਈ ਇਸ ਫ਼ੋਨ ਟ੍ਰੀ ਦੀ ਵਰਤੋਂ ਕਰੋ।

ਸੰਪਰਕ ਜਾਣਕਾਰੀ ਅਸਾਨੀ ਨਾਲ ਉਪਲਬਧ ਹੋਣ ਨਾਲ, ਲੋੜ ਪੈਣ 'ਤੇ ਸੰਪਰਕ ਕਰਨਾ ਆਸਾਨ ਹੋ ਜਾਂਦਾ ਹੈ, ਚਾਹੇ ਸੁਰੱਖਿਆ ਸੰਬੰਧੀ ਚਿੰਤਾ ਹੋਵੇ ਜਾਂ ਸਿਰਫ ਹਾਲ-ਚਾਲ ਪੁੱਛਣ ਲਈ। ਆਪਣੇ ਆਲੇ-ਦੁਆਲੇ ਦੇ ਗੁਆਂਢੀਆਂ ਦੇ ਨਾਮ, ਪਤੇ ਅਤੇ ਫੋਨ ਨੰਬਰ ਭਰੋ ਤਾਂ ਜੋ ਤੁਸੀਂ ਹਾਲ-ਚਾਲ ਪੁੱਛ ਸਕੋ, ਮਹੱਤਵਪੂਰਨ ਅਪਡੇਟ ਸਾਂਝੇ ਕਰ ਸਕੋ ਜਾਂ ਲੋੜ ਪੈਣ 'ਤੇ ਸਹਾਇਤਾ ਕਰ ਸਕੋ। ਇਸਨੂੰ ਆਪਣੇ ਘਰ ਵਿੱਚ ਕਿਸੇ ਦਿੱਖਣਯੋਗ ਥਾਂ 'ਤੇ ਲਗਾਓ ਅਤੇ ਨਵੀਨਤਮ ਜਾਣਕਾਰੀ ਨਾਲ ਅਪਡੇਟ ਰੱਖੋ।

ਗਵਾਂਢੀ: ਪਤਾ: ਫੋਨ ਨੰਬਰ:	ਗਵਾਂਢੀ: ਪਤਾ: ਫੋਨ ਨੰਬਰ:	ਗਵਾਂਢੀ: ਪਤਾ: ਫੋਨ ਨੰਬਰ:
ਗਵਾਂਢੀ: ਪਤਾ: ਫੋਨ ਨੰਬਰ:	**ਮੈਂ ਇੱਥੇ ਰਹਿੰਦਾ ਹਾਂ।**	ਗਵਾਂਢੀ: ਪਤਾ: ਫੋਨ ਨੰਬਰ:
ਗਵਾਂਢੀ: ਪਤਾ: ਫੋਨ ਨੰਬਰ:	ਗਵਾਂਢੀ: ਪਤਾ: ਫੋਨ ਨੰਬਰ:	ਗਵਾਂਢੀ: ਪਤਾ: ਫੋਨ ਨੰਬਰ:

ਐਮਰਜੈਂਸੀ ਸੰਪਰਕ

ਇਸ ਪੰਨੇ ਦੀ ਵਰਤੋਂ ਆਪਣੇ ਐਮਰਜੈਂਸੀ ਸੰਪਰਕਾਂ ਬਾਰੇ ਜਾਣਕਾਰੀ ਭਰਨ ਲਈ ਕਰੋ।

ਮੇਰੇ ਬਾਰੇ

ਨਾਮ: ______________________

ਪਤਾ: ______________________

ਫੋਨ ਨੰਬਰ: ______________________

ਐਲਰਜੀਆਂ: ______________________

ਐਮਰਜੈਂਸੀ ਸੰਪਰਕ

ਨਾਮ: ______________________

ਰਿਸ਼ਤਾ: ______________________

ਫੋਨ ਨੰਬਰ: ______________________

ਐਲਰਜੀਆਂ: ______________________

ਨਾਮ: ______________________

ਰਿਸ਼ਤਾ: ______________________

ਫੋਨ ਨੰਬਰ: ______________________

ਐਲਰਜੀਆਂ: ______________________

ਨਾਮ: ______________________

ਰਿਸ਼ਤਾ: ______________________

ਫੋਨ ਨੰਬਰ: ______________________

ਐਲਰਜੀਆਂ: ______________________

ਐਮਰਜੈਂਸੀ ਸੰਪਰਕ

ਇਸ ਪੰਨੇ ਦੀ ਵਰਤੋਂ ਆਪਣੇ ਐਮਰਜੈਂਸੀ ਸੰਪਰਕਾਂ ਬਾਰੇ ਜਾਣਕਾਰੀ ਭਰਨ ਲਈ ਕਰੋ।

ਮੇਰੇ ਬਾਰੇ

ਨਾਮ: ______________________

ਪਤਾ: ______________________

ਫ਼ੋਨ ਨੰਬਰ: ______________________

ਐਲਰਜੀਆਂ: ______________________

ਐਮਰਜੈਂਸੀ ਸੰਪਰਕ

ਨਾਮ: ______________________

ਰਿਸ਼ਤਾ: ______________________

ਫ਼ੋਨ ਨੰਬਰ: ______________________

ਐਲਰਜੀਆਂ: ______________________

ਨਾਮ: ______________________

ਰਿਸ਼ਤਾ: ______________________

ਫ਼ੋਨ ਨੰਬਰ: ______________________

ਐਲਰਜੀਆਂ: ______________________

ਨਾਮ: ______________________

ਰਿਸ਼ਤਾ: ______________________

ਫ਼ੋਨ ਨੰਬਰ: ______________________

ਐਲਰਜੀਆਂ: ______________________

ਮਹੱਤਵਪੂਰਨ ਫੋਨ ਨੰਬਰ

ਤੁਰੰਤ ਖ਼ਤਰੇ, ਹੋ ਰਹੇ ਅਪਰਾਧ ਜਾਂ ਐਮਰਜੈਂਸੀ ਲਈ, 9-1-1 ਡਾਇਲ ਕਰੋ।

ਬ੍ਰੈਂਪਟਨ ਸ਼ਹਿਰ:	3-1-1 905.874.2000 (ਸ਼ਹਿਰ ਦੀਆਂ ਸੀਮਾਵਾਂ ਤੋਂ ਬਾਹਰ)
ਬ੍ਰੈਂਪਟਨ ਸਿਵਿਕ ਹਸਪਤਾਲ (Brampton Civic Hospital):	905.494.2120
ਬ੍ਰੈਂਪਟਨ ਫਾਇਰ (Brampton Fire) (ਗੈਰ-ਐਮਰਜੈਂਸੀ):	905-874-2700
ਹੈਲਥ ਕਨੈਕਟ ਓਨਟੈਰੀਓ (Health Connect Ontario)	24/7 ਸਹਾਇਤਾ ਲਈ 8-1-1 ਡਾਇਲ ਕਰੋ
ਓਨਟੈਰੀਓ ਪੋਇਜ਼ਨ ਸੈਂਟਰ (Ontario Poison Centre):	1.844.764.7669 (1-844-POISON-X)
ਪੀਲ ਕ੍ਰਾਈਮ ਸਟੌਪਰਜ਼ (Peel Crime Stoppers):	1.800.222.TIPS (8477)
ਪੀਲ ਮੈਮੋਰੀਅਲ ਸੈਂਟਰ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈੱਸ (Peel Memorial Centre for Integrated Health and Wellness):	905.494.2120
ਪੀਲ ਆਊਟਰੀਚ ਸਟ੍ਰੀਟ ਹੈਲਪਲਾਈਨ (Peel Outreach Street Helpline):	1.877.848.8481
ਪੀਲ ਰੀਜਨਲ ਪੁਲਿਸ (Peel Regional Police) (ਗੈਰ-ਐਮਰਜੈਂਸੀ):	905.453.3311
ਰੀਜਨ ਆਫ ਪੀਲ (Region of Peel):	905.791.7800
ਖ਼ੁਦਕੁਸ਼ੀ ਸੰਕਟ ਹੈਲਪਲਾਈਨ (Suicide Crisis Helpline):	24/7 ਸਹਾਇਤਾ ਲਈ 9-8-8 ਡਾਇਲ ਕਰੋ
ਪੀਲ ਦੀ ਪੀੜਤ ਸੇਵਾਵਾਂ (Victim Services of Peel):	905.568.1068
211 ਸੈਂਟਰਲ (211 Central:):	ਓਨਟੈਰੀਓ ਵਿੱਚ ਲੋਕਲ ਕਮਿਊਨਿਟੀ, ਸਮਾਜਿਕ, ਸਿਹਤ, ਅਤੇ ਸਰਕਾਰੀ ਸੇਵਾਵਾਂ ਲਈ 2-1-1 ਡਾਇਲ ਕਰੋ।

ਸਰਕਾਰ ਦੀਆਂ ਜ਼ਿੰਮੇਵਾਰੀਆਂ

ਬ੍ਰੈਂਪਟਨ ਸ਼ਹਿਰ, ਵਸਨੀਕਾਂ ਲਈ ਸੇਵਾਵਾਂ ਪ੍ਰਦਾਨ ਕਰਨ ਵਾਲੇ, ਸਰਕਾਰ ਦੇ ਚਾਰ ਲੈਵਲਸ ਵਿੱਚੋਂ ਇੱਕ ਹੈ। ਹਰ ਲੈਵਲ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜਾਣਨ ਲਈ ਹੇਠਾਂ ਦਿੱਤੀ ਸੂਚੀ ਵੇਖੋ।

ਲੋਕਲ ਮਿਊਨਿਸਿਪਲ ਸਰਕਾਰ

(ਬ੍ਰੈਂਪਟਨ ਸ਼ਹਿਰ)
ਬ੍ਰੈਂਪਟਨ ਸ਼ਹਿਰ ਦੀਆਂ ਜ਼ਿੰਮੇਵਾਰੀਆਂ

- ਕਲਾ, ਸੱਭਿਆਚਾਰ ਅਤੇ ਟੂਰਿਜ਼ਮ
- ਬਾਇ-ਲਾਅ ਲਾਗੂ ਕਰਨਾ
- ਆਰਥਿਕ ਵਿਕਾਸ
- ਅੱਗ ਬੁਝਾਉਣ ਵਾਲੀਆਂਅਤੇ ਐਮਰਜੈਂਸੀ ਸੇਵਾਵਾਂ
- ਲੋਕਲ ਸੜਕਾਂ
- ਪਾਰਕ ਅਤੇ ਮਨੋਰੰਜਨ
- ਪ੍ਰੋਵਿੰਸੀਅਲ ਅਪਰਾਧ ਪ੍ਰਸ਼ਾਸਨ
- ਨਵੀਂ ਕਮਿਊਨਿਟੀ ਵਿਕਾਸ ਦੀ ਯੋਜਨਾ ਬਣਾਉਣਾ ਅਤੇ ਮੌਜੂਦਾ ਪੜੋਸਾਂ ਦਾ ਵਿਸਤਾਰ ਕਰਨਾ
- ਪਬਲਿਕ ਟ੍ਰਾਂਜ਼ਿਟ
- ਬਰਫ਼ ਹਟਾਉਣਾ
- ਟੈਕਸ ਕਲੈਕਸ਼ਨ

ਲੋਕਲ ਰੀਜਨਲ ਸਰਕਾਰ

(ਰੀਜਨ ਆਫ ਪੀਲ)
ਰੀਜਨ ਆਫ ਪੀਲ ਦੀਆਂ ਜ਼ਿੰਮੇਵਾਰੀਆਂ

- ਐਂਬੂਲੈਂਸ ਸੇਵਾਵਾਂ
- ਰਿਹਾਇਸ਼ੀ ਸੇਵਾਵਾਂ
- ਪੁਲਿਸ ਸੇਵਾਵਾਂ
- ਪਬਲਿਕ ਹੈਲਥ
- ਰੀਜਨਲ ਸੜਕਾਂ
- ਸਮਾਜਿਕ ਸੇਵਾਵਾਂ
- ਕੂੜਾ ਇਕੱਤਰ ਕਰਨਾ ਅਤੇ ਰੀਸਾਈਕਲਿੰਗ
- ਪਾਣੀ ਅਤੇ ਗੰਦਾ ਪਾਣੀ

ਪ੍ਰੋਵਿੰਸੀਅਲ ਸਰਕਾਰ

(ਓਨਟੈਰੀਓ ਸੂਬਾ)
ਓਨਟੈਰੀਓ ਸੂਬੇ ਦੀਆਂ ਜ਼ਿੰਮੇਵਾਰੀਆਂ

- ਨਿਆਂ ਪ੍ਰਸ਼ਾਸਨ
- ਸੱਭਿਆਚਾਰ ਅਤੇ ਟੂਰਿਜ਼ਮ
- ਸਿੱਖਿਆ, ਜਿਸ ਵਿੱਚ ਪੋਸਟ-ਸੈਕੰਡਰੀ ਇੰਸਟੀਟਿਊਸ਼ਨਸ ਸ਼ਾਮਲ ਹਨ
- ਹਾਈਵੇਜ਼
- ਹਸਪਤਾਲ
- ਕੁਦਰਤੀ ਵਸੀਲੇ ਅਤੇ ਵਾਤਾਵਰਣ
- ਜੇਲ੍ਹਾਂ
- ਓਨਟੈਰੀਓ ਵਿੱਚ ਪ੍ਰਾਪਰਟੀ ਅਤੇ ਨਾਗਰਿਕ ਅਧਿਕਾਰ
- ਸਮਾਜਿਕ ਸੇਵਾਵਾਂ

ਫੈਡਰਲ ਸਰਕਾਰ

(ਕੈਨੇਡਾ ਸਰਕਾਰ)
ਕੈਨੇਡਾ ਸਰਕਾਰ ਦੀਆਂ ਜ਼ਿੰਮੇਵਾਰੀਆਂ

- ਜਨਗਣਨਾ
- ਨਾਗਰਿਕਤਾ
- ਕਾਪੀਰਾਈਟ
- ਕ੍ਰਿਮਿਨਲ ਕਾਨੂੰਨ
- ਰੋਜ਼ਗਾਰ ਬੀਮਾ
- ਵਿਦੇਸ਼ ਨੀਤੀ
- ਪੈਸਾ ਅਤੇ ਬੈਂਕਿੰਗ
- ਰਾਸ਼ਟਰੀ ਰੱਖਿਆ
- ਪੋਸਟ ਆਫਿਸ
- ਵਪਾਰ ਅਤੇ ਕਾਮਰਸ ਵਿਨਿਯਮ

ਸਾਡੇ ਨਾਲ ਸੰਪਰਕ ਕਰੋ

ਬ੍ਰੈਂਪਟਨ ਸ਼ਹਿਰ ਦੇ ਕਮਿਊਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ ਬਾਰੇ ਹੋਰ ਜਾਣਨ ਲਈ, **brampton.ca/communitysafety** ‘ਤੇ ਜਾਓ।

ਸ਼ਬਦ ਖੋਜ

J	U	T	S	X	X	J	M	X	S	N	L	W	S	T	G	X	L	T	D
A	W	P	I	Y	K	N	T	V	E	E	Z	K	A	D	K	Y	N	H	Y
C	E	J	K	M	N	Z	V	I	V	X	T	T	F	Y	E	R	O	N	A
W	R	N	K	H	G	P	G	E	Q	F	R	C	E	Q	L	S	V	Q	Q
E	B	I	K	J	K	H	N	W	P	K	H	O	T	H	H	Z	O	X	Y
L	Z	C	M	Q	B	T	T	R	U	S	T	N	Y	A	O	L	X	O	O
C	V	A	R	O	S	Z	C	O	E	S	X	N	R	H	I	J	R	E	E
O	Y	I	U	K	H	J	Y	L	C	V	N	E	H	G	C	U	E	I	B
M	R	R	S	C	L	E	A	N	U	P	D	C	H	H	G	N	N	S	Z
E	R	R	K	I	N	B	V	O	O	S	P	T	B	W	J	O	C	R	J
S	O	J	A	D	B	W	D	E	O	V	I	I	I	K	J	O	Z	E	A
Y	Y	J	L	L	E	I	X	E	F	N	C	O	R	I	M	H	N	S	R
V	U	A	X	Q	V	G	L	X	G	L	S	N	G	M	A	V	K	I	Q
R	B	O	U	N	D	A	R	I	E	S	E	D	U	C	W	F	U	L	U
T	B	M	Y	H	Q	V	M	E	T	P	Y	N	P	N	U	C	J	I	M
M	P	R	O	P	E	R	T	Y	R	Y	I	T	A	O	O	J	T	E	I
A	W	A	R	E	N	E	S	S	P	T	E	B	S	B	B	Y	Y	N	J
T	O	G	E	T	H	E	R	K	Y	D	U	A	P	K	M	M	S	T	P
V	P	W	C	S	U	R	V	E	I	L	L	A	N	C	E	I	R	O	A
S	S	K	K	G	A	T	H	E	R	I	N	G	K	P	V	U	W	J	R

Community
Connection
Visibility
Lighting
Neighbour

Gathering
Cleanup
Property
Safety
Trust

Boundaries
Welcome
Resilient
Shared
Events

Surveillance
Awareness
Together

ਰੰਗ ਭਰਨ ਵਾਲਾ ਪੰਨਾ

ਸੀ.ਐਸ.ਡਬਲਯੂ.ਓ. (CSWO) ਵੈੱਬਸਾਈਟ 'ਤੇ ਦਰਸਾਏ ਜਾਣ ਦੇ ਮੌਕੇ ਲਈ, ਆਪਣਾ ਰੰਗ ਭਰਨ ਵਾਲਾ ਪੰਨਾ, CSWO@brampton.ca 'ਤੇ ਜਮ੍ਹਾਂ ਕਰੋ।

ਕਮਿਊਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ

2 ਵੈਲਿੰਗਟਨ ਸਟ੍ਰੀਟ ਵੈਸਟ, ਬ੍ਰੈਂਪਟਨ, ON L6Y 4R2
(2 Wellington Street West
Brampton, ON L6Y 4R2)

CSWO@brampton.ca
www.brampton.ca/communitysafety

ਵਿਕਲਪਿਕ ਫੌਰਮੈਟ ਬੇਨਤੀ ਕਰਨ ‘ਤੇ ਉਪਲਬਧ ਹਨ।
ਬੇਨਤੀ ਕਰਨ ਲਈ, accessibility@brampton.ca ‘ਤੇ ਈਮੇਲ ਕਰੋ

COMMUNITY SAFETY
& WELL-BEING

BRAMPTON

25-3032